# ਪਰਮੇਸ਼ਰ ਕੀ ਹੈ?

True Path to God

1

ਲੇਖਕ ਡਾੱ. ਕੁਲਦੀਪ ਸਿੰਘ ਗੈਂਗਰ

# ਪਰਮੇਸ਼ਰ ਕੀ ਹੈ?

ਲੇਖਕ

ਡਾੱ. ਕੁਲਦੀਪ ਸਿੰਘ ਗੈਂਗਰ

**Punjabi**

*What is God?*

Copyright © 2013
All rights reserved.

Published by True Path to God | www.truepathtogod.org

***True Path to God*** is a ministry reaching out to our neighbours of East Asian background. For more information, see “About Us” on our website.

All scripture quotations are from The Holy Bible—Punjabi – CL published by The Bible Society of India,, 206 Mahatma Gandhi Road, Bangalore – 560 001 – India.

This booklet, as with all in this series, was written in English and translations into Punjabi by a team of translators. It is also being made available in Punjabi, Hindi, Marathi, Nepali, and Urdu.

**Library and Archives Canada Cataloguing in Publications**
Gangar, Dr. Kuldip Singh 1950-
Includes bibliographical references
ISBN 978-0-9919134-0-4
Bible—Doctrine—Trinity. 2. Trinity. 3. God. I. Title.

# ਵਿਸ਼ਾ ਵਸਤੂ


ਜਾਣ-ਪਹਿਚਾਣ: | 07

1 ਤ੍ਰਿਏਕਤਾ ਦੀ ਸਿੱਖਿਆ ਦੱਸੀ ਗਈ ਹ | 11

2 ਕੀ ਪੁਰਾਣਾ ਨੇਮ ਸਿਖਾਉਂਦਾ ਹੈ ਕਿ ਪਰਮੇਸ਼ਰ ਤ੍ਰਿਏਕ ਹੈ ? | 13

3 ਯਿਸੂ ਮਸੀਹ ਦੇ ਈਸਵਰ ਹੋਣ ਦਾ ਨਵੇ ਨੇਮ ਦਾ ਦਾਵਾ | 21

4 ਯਿਸੂ ਮਸੀਹ ਦੇ ਈਸਵਰ ਹੋਣ ਦਾ ਨਵੇ ਨੇਮ ਦਾ ਦਾਵਾ | 41

5 ਤਿੰਨੇ ਕਿਵੇਂ ਪਰਮੇਸ਼ਰ ਹੋ ਸਕਦੇ ਹਨ, ਜਦਕਿ ਅਸੀਂ ਇਹ ਕਹਿੰਦੇ ਹਾਂ ਕਿ ਇਕ ਹੀ ਪਰਮੇਸ਼ਰ ਹੈ ? | 49

6 ਤ੍ਰਿਏਕਤਾ ਦੀ ਸਿੱਖਿਆਂ ਦੇ ਬਾਰੇ ਵਿੱਚ ਗਲਤ ਉਦ-ਹਾਰਣਾ | 53

7 ਤ੍ਰਿਏਕਤਾ ਦੀ ਸਿੱਖਿਆ ਤੇ ਕੁਝ ਇਤਰਾਜ | 57

8 ਤ੍ਰਿਏਕਤਾ ਦੀ ਸਿੱਖਿਆ ਦੀ ਮਹੱਤਤਾ | 61

9 ਸ਼ਾਡਾ ਪ੍ਰਤੀਉੱਤਰ ਤ੍ਰਿਏਕਤਾ ਦੀ ਅਨੋਖੀ ਸਿੱਖਿਆ ਦੇ ਪ੍ਰਤੀ ਕੀ ਹੋਣਾ ਚਾਹੀਦਾ ਹੈ ? | 65

# ਜਾਣ-ਪਰਿਚਾਣ:

ਇੱਕ ਮੂਰਤੀਪੂਜਕ ਕਵੀ ਤੋਂ ਇੱਕ ਵਾਰ ਇੱਕ ਰਾਜੇ ਨੇ ਪੁੱਛਿਆ, "ਪਰਮੇਸ਼ਰ ਕੀ ਹੈ?" ਉਸ ਕਵੀ ਨੇ ਇੱਕ ਦਿਨ ਮੰਗਿਆ ਕਿ ਉਹ ਇਸ ਉੱਪਰ ਸੋਚੇਗਾ ਅਤੇ ਜਦ ਉਹ ਦਿਨ ਖਤਮ ਹੋ ਗਿਆ ਤਾਂ ਉਸ ਨੇ ਦੋ ਦਿਨ ਦਾ ਸਮਾਂ ਮੰਗਿਆ ਉਹ ਲਗਾਤਾਰ ਆਂਪਣੇ ਦਿਨ ਵਧਾਉਂਦਾ ਗਿਆ ਅਤੇ ਅਖੀਰ ਵਿੱਚ ਰਾਜੇ ਨੇ ਉਸ ਤੋਂ ਦੇਰੀ ਦਾ ਕਾਰਣ ਪੁੱਛਿਆ। ਉਸ ਨੇ ਉੱਤਰ ਦਿੱਤਾ, "ਜਿੰਨਾਂ ਜਿਆਦਾ ਮੈਂ ਪਰਮੇਸ਼ਰ ਦੇ ਬਾਰੇ ਸੋਚਿਆ, ਉਹ ਹਾਲੇ ਵੀ ਮੇਰੇ ਲਈ ਅਣਜਾਣ ਹੀ ਹੈ"।1 ਤੁਸੀਂ ਕੀ ਉੱਤਰ ਦਿਉਗੇ, ਜੇਕਰ ਤੁਹਾਨੂੰ ਵੀ ਇਹੀ ਸਵਾਲ ਪੁੱਛਿਆ ਜਾਵੇ? ਕੁਝ ਲੋਕ ਤਾਂ ਪੂਰੀ ਤਰਾਂ ਖਾਲੀ ਹੋ ਜਾਣਗੇ ਕਿਉਂਕਿ ਉਨ੍ਹਾਂ ਦੇ ਵਿਚਾਰਾਂ ਦੇ ਵਿੱਚ ਪਰਮੇਸ਼ਰ ਦੇ ਵਾਸਤੇ ਕੋਈ ਥਾਂ ਨਹੀ ਹੈ। ਦੂਸਰੇ ਉਸ ਨੂੰ ਇੱਕ ਵੱਡੇ ਸਮੁੰਦਰ ਦੀ ਤਰ੍ਹਾਂ ਸਮਝਦੇ ਹਨ ਜਿਸ ਦੇ ਵਿੱਚ ਅਸੀਂ ਇੱਕ ਬੂੰਦ ਦੀ ਤਰ੍ਹਾਂ ਮੌਤ ਦੇ ਸਮੇਂ ਜਾ ਕੇ ਮਿਲ ਜਾਂਦੇ ਹਾਂ। ਕੁਝ ਲੋਕ ਉਸ ਨੂੰ ਇੱਕ ਲਾਪਰਵਾਹ ਪਿਤਾ ਦੀ ਤਰ੍ਹਾਂ ਸਮਝਦੇ ਹਨ ਜੋ ਕਿ ਉੱਪਰ ਅਕਾਸ਼ ਦੇ ਵਿੱਚ ਹੈ। ਕੁਝ ਹੋਰ ਉਸ ਨੂੰ ਇੱਕ ਆਤਮਾ ਸਮਝਦੇ ਹਨ ਜੋ ਕਿ ਸਭ ਥਾਵਾਂ ਦੇ ਵਿੱਚ ਬਿਰਾਜਮਾਨ ਹੈ। ਅਸੀਂ ਪਰਮੇਸ਼ਰ ਦੇ ਬਾਰੇ ਵਿੱਚ ਸੱਚਾਈ ਨੂੰ ਕਿਵੇਂ ਜਾਣ ਸਕਦੇ ਹਾਂ?

ਇਸ ਤੋਂ ਪਹਿਲਾਂ ਕਿ ਅਸੀਂ ਅੱਗੇ ਵਧੀਏ, ਆਉ ਅਸੀਂ ਪਰਮੇਸ਼ਰ ਨੂੰ ਪੁਕਾਰੀਏ ਕਿ ਉਹ ਆ ਕੇ ਸਾਡੀ ਮਦਦ ਕਰੇ ਕਿ ਅਸੀਂ ਉਸ ਨੂੰ ਉਸ

ਤਰੀਕੇ ਦੇ ਨਾਲ ਜਾਣੀਏ ਜਿਵੇਂ ਉਹ ਹੈ। "ਪ੍ਰਭੂ ਅਸੀਂ ਤੁਹਡੇ ਸਾਹਮਣੇ ਆਉਂਦੇ ਹਾਂ, ਤੁਹਾਡੇ ਸਾਹਮਣੇ ਜਿੰਨ੍ਹਾਂ ਨੇ ਸਭ ਚੀਜਾਂ ਨੂੰ ਰਚਿਆ ਹੈ ਅਤੇ ਤੁਸੀਂ ਹੀ ਸਭ ਚੀਜਾਂ ਨੂੰ ਜਿਉਂਦੇ ਰੱਖਦੇ ਹੋ। ਸਾਡੀ ਮਦਦ ਕਰੋ ਕਿ ਅਸੀਂ ਤੁਹਾਨੂੰ ਸਮਝ ਸਕੀਏ। ਅਸੀਂ ਮਿੱਟੀ ਤੋਂ ਬਣੇ ਪ੍ਰਾਣੀ ਹਾਂ ਅਤੇ ਤੁਹਾਡੀ ਮਦਦ ਤੋਂ ਬਿਨਾਂ ਅਸੀ ਬਹੁਤ ਹੀ ਆਸਾਨੀ ਦੇ ਨਾਲ ਸਾਡੇ ਤਰਕ ਵਿਤਰਕ ਦਵਿਜ੍ਹਾ ਨਾਲ ਡੋਲ ਜਾਂਦੇ ਹਾਂ। ਸਾਦੀ ਮਦਦ ਕਰੋ ਕਿ ਅਸੀਂ ਤੁਹਾਨੂੰ ਤੁਹਾਡੇ ਪ੍ਰਕਾਸ਼ ਦੇ ਦੁਆਰਾ ਜੋ ਕਿ ਨਵੇਂ ਅਤੇ ਪੁਰਾਣੇ ਨੇਮ ਵਿੱਚ ਹੈ, ਸਮਝ ਸਕੀਏ। ਤੁਹਾਡਾ ਧੰਨਵਾਦ ਕਿ ਤੁਸੀਂ ਨਾ ਸਿਰਫ ਆਪਣੇ ਵਚਨ ਦੇ ਦੁਆਰਾ ਆਪਣੇ ਆਪ ਨੂੰ ਪ੍ਰਗਟ ਕੀਤਾ, ਪਰ ਤੁਸੀਂ ਆਪਣੇ ਪਿਆਰਾ ਪੁਤਰ ਦੇ ਦੇਹਧਾਰੀ ਹੋਣ ਦੇ ਦੁਆਰਾ ਵੀ ਆਪਣੇ ਆਪ ਨੂੰ ਪ੍ਰਗਟ ਕੀਤਾ। ਅਸੀਂ ਅਰਦਾਸ ਕਰਦੇ ਹਾਂ ਕਿ ਤੁਸੀਂ ਸਾਨੂੰ ਆਪਣੇ ਪਵਿੱਤਰ ਆਤਮਾ ਦੇ ਦੂਆਰਾ ਬੁੱਧ ਦਿਉ ਕਿ ਅਸੀਂ ਤੁਹਾਡੇ ਸੱਚੇ ਗਿਆਨ ਵਿੱਚ ਚੱਲ ਸਕੀਏ ਅਤੇ ਸਾਡੀ ਅਗੁਵਾਈ ਹੋ ਸਕੇ ਕਿ ਅਸੀਂ ਮੁਕਤੀ ਦੇ ਲਈ ਵਿਸ਼ਵਾਸ ਕਰ ਸਕੀਏ ਅਤੇ ਤੁਹਾਨੂੰ ਉਹ ਆਰਾਧਨਾ ਦੇ ਸਕੀਏ ਜ ਕਿ ਤੁਹਾਨੂੰ ਮਿਲਣੀ ਚਾਹੀਦੀ ਹੈ। ਪ੍ਰਭੂ ਜੀ ਸਾਨੂੰ ਮੂਰਖਤਾ ਵਾਲੀ ਸੋਚ ਤੋਂ ਬਚਾ ਕੇ ਰੱਖੋ। ਸਾਡੀ ਮਦਦ ਕਰੋ ਕਿ ਅਸੀਂ ਤੁਹਾਡੇ ਸਵੈ-ਪ੍ਰਕਾਸ਼ ਦੇ ਪ੍ਰਤੀ ਸਮਰਪਿਤ ਕਰ ਸਕੀਏ ਅਤੇ ਅਸੀਂ ਆਪਣੇ ਮਨ ਵਿੱਚ ਘਮੰਡੀ ਨਾ ਹੋਈਏ। ਅਸੀਂ ਆਪਣੀ ਪ੍ਰਾਥਨਾ ਤੁਹਾਡੇ ਅੱਗੇ ਪ੍ਰਭੂ ਯਿਸੂ ਸਾਡੇ ਮੁਕਤੀਦਾਤਾ ਦੇ ਨਾਮ ਵਿੱਚ ਲੈ ਕੇ ਆਉਂਦੇ ਹਾਂ"

ਜੇਕਰ ਇੱਕ ਵਿਅਕਤੀ ਚੱਟਾਨਾ ਦੇ ਬਾਰੇ ਵਿੱਚ ਜਾਨਣਾ ਚਾਹੇ ਤਾਂ ਉਹ ਬਹੁਤ ਸਾਰੇ ਤਜਰਬੇ ਕਰ ਕੇ ਚੱਟਾਨਾ ਦੇ ਬਾਰੇ ਵਿੱਚ ਜਾਣ ਸਕਦਾ ਹੈ। ਜੇਕਰ ਉਹ ਇੱਸੇ ਤਰਾਂ ਖਰਗੋਸ਼ਾਂ ਦੇ ਬਾਰੇ ਵਿੱਚ ਜਾਨਣਾ ਚਾਹੇ ਤਾਂ ਉਹ ਇਸ ਤਰੀਕੇ ਨਾਲ ਕਰ ਸਕਦਾ ਹੈ। ਪਰ ਪਹਿਲੇ ਖਰਗੋਸ਼ ਨੂੰ ਫੜਨ ਵਿੱਚ ਉਸ ਨੂੰ ਬਹੁਤ ਮਿਹਨਤ ਕਰਨੀ ਪਵੇਗੀ। ਜੇਕਰ ਅਸੀਂ ਮਨੁੱਖ ਨੂੰ ਜਾਨਣਾ ਚਾਹੁੰਦੇ ਹਾਂ ਤਾਂ ਇਹ ਜਰੂਰੀ ਹੈ ਕਿ ਤੁਹਾਨੂੰ ਉਸਦਾ ਸਹਿਯੋਗ ਮਿਲੇ, ਕਿਉਂਕਿ ਉਸਦੇ ਸ਼ਰੀਰ ਦੇ ਕੰਮਾਂ ਦੀ ਜਾਣਕਾਰੀ ਕਾਫੀ ਨਹੀ ਹੋਵੇਗੀ। ਜੇਕਰ ਅਸੀਂ ਕਿਸੇ ਰਾਜੇ ਜਾਂ ਰਾਸ਼ਟਰਪਤੀ ਦੇ ਬਾਰੇ ਜਾਨਣਾ ਚਾਹੁੰਦੇ ਹਾਂ ਤਾਂ ਇਹ ਸਾਡੇ ਲਈ ਔਖਾ ਹੋਵੇਗਾ, ਕਿਉਂਕਿ

ਸਾਨੂੰ ਉਸ ਤੱਕ ਪਹੁੰਚ ਕਰਨ ਤੋਂ ਪਹਿਲਾਂ ਇੱਕ ਪਰਿਚੇ ਦੀ ਲੋੜ ਹੋਵੇਗੀ। ਪਰਮੇਸ਼ਰ ਨੂੰ ਜੇਕਰ ਅਸੀਂ ਆਪਣੇ ਸੋਧ ਦੇ ਦੁਆਰਾ ਜਾਨਣ ਦੀ ਕੋਸ਼ਿਸ ਕਰੀਏ ਤਾਂ ਇਹ *ਅਸੰਭਵ* ਹੈ। ਕਿਉਂਕਿ ਉਹ ਅਦ੍ਰਿਸ਼ ਹੈ ਅਤੇ ਸਾਡੀ ਪਹੁੰਚ ਤੋਂ ਬਾਹਰ ਹੈ। ਜਿੰਨਾਂ ਜਿਆਦਾ ਅਸੀਂ ਆਪਣੇ ਸਤਰ ਵਿੱਚ ਅੱਗੇ ਵੱਧਦੇ ਹਾਂ, ਦਰੱਖਤਾ ਤੋਂ ਲੈ ਕੇ ਜਾਨਵਰਾਂ ਅਤੇ ਮਨੁੱਖਾਂ ਤੱਕ, ਉਨ੍ਹਾਂ ਹੀ

ਜਿਆਦਾ ਉਨ੍ਹਾਂ ਨੂੰ ਜਾਨਣਾ ਔਖਾ ਹੋ ਜਾਂਦਾ ਹੈ। ਅਸੀਂ ਉਸ ਪਰਮੇਸ਼ਰ ਨੂੰ ਕਿਵੇਂ ਜਾਣ ਸਕਦੇ ਹਾਂ ਜੋ ਕਿ ਸਾਡੇ
ਤੋਂ ਨਾ ਮਾਪੀ ਜਾਣ ਵਾਲੀ ਦੂਰੀ ਤੋਂ ਵੀ ਉੱਚਾ ਹੈ? ਇਸਦਾ ਉੱਤਰ ਹੈ ਕਿ ਜੇਕਰ ਸਿਰਫ ਪਰਮੇਸ਼ਰ ਹੀ ਆਪਣੇ ਆਪ ਨੂੰ ਸਾਡੇ ਤੇ ਪ੍ਰਗਟ ਕਰੇ। ਅੱਯੂਬ ਨੇ ਪੁਰਾਣੇ ਨੇਮ ਵਿੱਚ ਲਿਖਿਆ ਹੈਃ

**ਅੱਯੂਬ ੧੧:੭**

ਅਸੀ ਪਰਮੇਸ਼ਰ ਦੇ ਧੰਨਵਾਦੀ ਹਾਂ ਕਿ ਉਸਨੇ ਆਪਣੇ ਆਪ ਨੂੰ ਆਪਣੇ ਵਚਨ ਅਤੇ ਆਪਣੇ ਪੁੱਤਰ ਦੇ ਦੁਆਰਾ ਪ੍ਰਗਟ ਕੀਤਾ, ਸ਼ਬਦ ਦੇਹਧਾਰੀ ਹੋਇਆ!

ਮੇਰਾ ਇੰਨਾਂ ਪੁਸਤਕਾਂ ਦੇ ਪਿੱਛੇ ਮਕਸਦ ਹੈ ਕਿ ਮੈਂ ਮਸੀਹੀ ਸੱਚਾਈਆਂ ਨੂੰ ਵਿਸਥਾਰ ਰੂਪ ਵਿੱਚ ਪ੍ਰਗਟ ਕਰਾਂ, ਤਾਂ ਕਿ ਅਸੀਂ ਪਰਮੇਸ਼ਰ ਅਤੇ ਉਸਦੇ ਪੁੱਤਰ ਦੇ ਜੀਵੀਤ ਗਿਆਨ ਤੱਕ ਪਹੁੰਚ ਸਕੀਏ, ਅਤੇ ਅਸੀਂ ਆਪਣੇ ਪਾਪਾਂ ਤੋਂ ਬੱਚ ਸਕੀਏ ਅਤੇ ਪਵਿੱਤਰ ਆਤਮਾ ਅਤੇ ਵਿਸ਼ਵਾਸ ਦੇ ਦੁਆਰਾ ਜੋ ਸਾਡੇ ਅੰਦਰ ਹੈ, ਸਦੀਪਕ ਜੀਵਨ ਪਾ ਸਕੀਏ। ਤ੍ਰਿਏਕਤਾ ਦੇ ਉੱਪਰ ਪਹਿਲੀ ਪੁਸਤਕ ਮਹੱਤਵਪੂਰਣ ਹੈ, ਜੇਕਰ ਅਸੀਂ ਪਰਮੇਸ਼ਰ ਦੇ ਨਾਲ ਸਹੀ ਹੋਣਾ ਚਾਹੁੰਦੇ ਹਾਂ ਅਤੇ ਉਸਦੀ ਆਰਾਧਨਾ ਕਰਨਾ ਚਾਹੁੰਦੇ ਹਾਂ ਜਿਵੇਂ ਕਿ ਉਹ ਹੈ। ਇੱਕ ਵਾਰ ਮੈਂ ਇੱਕ ਪੁਸਤਕ ਦੇ ਬਾਹਰਲੇ ਕਵਰ ਤੇ ਇਹ ਸ਼ਬਦ ਪੜੇ ਸਨ, "ਪਰਮੇਸ਼ਰ ਦਾ ਅਸੀਂ ਉਸ ਸਮੇਂ ਤੱਕ ਉਸ ਤਰ੍ਹਾਂ ਆਦਰ ਨਹੀ ਕਰ ਸਕਦੇ ਜਿਵੇਂ ਸਾਨੂੰ ਚਾਹੀਦਾ ਹੈ, ਜਦ ਤੱਕ ਅਸੀਂ ਉਸ ਨੂੰ ਨਹੀ ਜਾਣਦੇ ਹਾਂ ਜਿਵੇਂ ਸਾਨੂੰ

ਚਾਹੀਦਾ ਹੈ”। 2 ਬਹੁਤ ਸਾਰੇ ਲੋਕ ਸੋਚਦੇ ਹਨ ਕਿ ਉਹ ਪਰਮੇਸ਼ਰ ਦੀ ਆਰਾਧਨਾ ਕਰ ਰਹੇ ਹਨ, ਪਰ ਇਹ ਉਨ੍ਹਾਂ ਦੀ ਕਲਪਨਾ ਦਾ ਪਰਮੇਸ਼ਰ ਹੈ, ਇਹੋ ਜਿਹੀ ਆਰਾਧਨਾ ਪਰਮੇਸ਼ਰ ਦੇ ਗ੍ਰਹਿਣਯੋਗ ਨਹੀ ਹੈ। ਇਹ ਮੂਰਤੀਪੂਜਾ ਹੈ।

1

# ਤ੍ਰਿਏਕਤਾ ਦੀ ਸਿੱਖਿਆ ਦੱਸੀ ਗਈ ਹ

ਮੈਂ ਤੁਹਾਨੂੰ ਤ੍ਰਿਏਤਾ ਦੇ ਬਾਰੇ ਤਿੰਨ ਗੱਲਾਂ ਦੱਸਣਾ ਚਾਹੁੰਦਾ ਹਾਂ:

1. ਇੱਕ ਹੀ ਸੱਚਾ ਅਤੇ ਜਿਉਂਦਾ ਪਰਮੇਸ਼ਰ ਹੈ।

2. ਇਹ ਸੱਚਾ ਜਿਉਂਦਾ ਪਰਮੇਸ਼ਰ ਤਿੰਨ ਵਿਅਕਤੀਆਂ ਦੇ ਵਿੱਚ ਹੈ ਜਿੰਨਾਂ ਦਾ ਇੱਕੋ ਜਿਹਾ ਹੀ ਈਸ਼ਰੀ ਸੁਭਾਉ ਹੈ।

3. ਪਿਤਾ ਪੁੱਤਰ ਅਤੇ ਪਵਿੱਤਰ ਆਤਮਾ ਸਾਮਰਥ ਅਤੇ ਮਹਿਮਾ ਦੇ ਵਿੱਚ ਇੱਕੋ ਜਿਹੇ ਹਨ। ਉਹ ਇੱਕ ਦੂਸਰੇ ਤੋਂ ਕਿਸੇ ਵੀ ਤਰਾਂ ਨੀਵੇਂ ਨਹੀ ਹਨ।

ਤ੍ਰਿਏਕਤਾ ਇਹ ਨਹੀਂ ਹੈ ਕਿ ਪਰਮੇਸ਼ਰ ਪਿਤਾ, ਮਰੀਅਮ ਅਤੇ ਯਿਸੂ ਹਨ ਜਿਵੇਂ ਕੀ ਕੁਛ ਮੁਸਲਮਾਨ ਸਿਖਾਉਂਦੇ ਹਨ। ਇਸ ਤਰਾਂ ਦਾ ਕੋਈ ਵੀ ਵਿਚਾਰ ਨਹੀ ਹੈ ਕਿ ਪਰਮੇਸ਼ਰ ਕਿਸੇ ਔਰਤ ਦੇ ਨਾਲ ਸ਼ਰੀਰਕ ਸਬੰਧ ਬਣਾ ਸਕਦੇ ਹਨ। ਯਿਸੂ ਮਸੀਹ ਪਹਿਲਾਂ ਤੋਂ ਹੀ ਪਰਮੇਸ਼ਰ ਦੇ ਪੁੱਤਰ ਸਨ, ਇਸ ਤੋਂ ਪਹਿਲਾਂ ਕਿ ਉਨ੍ਹਾਂ ਨੇ ਕੁਆਰੀ ਤੋਂ ਜਨਮ ਲਿਆ। ਇਸ ਤੋਂ ਪਹਿਲਾਂ ਕਿ ਮੈਂ ਬਾਈਬਲ ਦੇ ਵਿੱਚੋਂ ਸਬੂਤ ਦਿਆ ਮੈਂ ਇੱਕ ਗੱਲ ਦਾ ਉੱਤਰ ਦੇਣਾ ਚਾਹੁੰਦਾ ਹਾਂ ਜੋ ਕਿ ਅਕਸਰ ਹੀ ਇਸ ਸਿੱਖਿਆ ਦੇ ਪ੍ਰਤੀ ਆਉਂਦੀ ਹੈ। ਕਈ ਲੋਕ ਕਹਿੰਦੇ ਹਨ ਕਿ “ਤ੍ਰਿਏਕਤਾ”

ਸ਼ਬਦ ਬਾਈਬਲ ਦੇ ਵਿੱਚ ਨਹੀ ਪਾਇਆ ਜਾਂਦਾ ਹੈ। ਇਹ ਸਹੀ ਹੈ ਕਿ "ਤ੍ਰਿਏਕਤਾ" ਸ਼ਬਦ ਬਾਈਬਲ ਦੇ ਵਿੱਚ ਨਹੀ ਪਾਇਆ ਜਾਂਦਾ ਹੈ, ਪਰ ਜੇਕਰ ਸਿੱਖਿਆ ਦੀ ਸੱਚਾਈ ਵਚਨ ਵਿੱਚ ਪਾਈ ਜਾਂਦੀ ਹੈ ਤਾਂ ਇਹ ਗੱਲ ਮਾਇਨੇ ਨਹੀ ਰੱਖਦੀ ਕਿ ਉਹ ਸ਼ਬਦ ਵਚਨ ਦੇ ਵਿੱਚ ਪਾਇਆ ਜਾਂਦਾ ਹੈ ਜਾਂ ਨਹੀ। ਇਹ ਉਨ੍ਹਾਂ ਸੱਚਾਈਆਂ ਦਾ ਸੰਖੇਪ ਹੈ। ਜਿਵੇਂ ਕਿ ਸਕੋਟਿਸ ਧਰਮ ਵਿਗਆਨੀ ਜੋਹਨ ਡਿੱਕ ਇਸ ਤਰਾਂ ਦੱਸਦੇ ਹਨ, "ਇੱਕ ਥੋੜੀ ਜਿਹੀ ਗੱਲ ਜਿਹੜਾ ਤੁਹਾਡਾ ਧਿਆਨ ਖਿੱਚਦੀ ਹੈ ਤੁਹਾਨੂੰ ਕਾਇਲ ਕਰੇਗੀ ਕਿ ਸਿਧਾਂਤ, ਜੋ ਕਿ ਪੂਰੀ ਤਰਾਂ ਬਿਆਨ ਕੀਤਾ ਗਿਆ ਹੈ, ਉਹ ਮਨੁੱਖੀ ਵਚਨ ਦੀ ਵਿਆਖਿਆ ਨੂੰ ਇੱਕ ਪਾਸੇ ਕਰ ਦੇਵੇਗਾ, ਤੇ ਸਭ ਤੋਨ ਵੱਡੀ ਸਮੱਸਿਆ ਇਹ ਨਹੀ ਹੈ, ਕਿ ਕਿਸੇ ਸ਼ਬਦ ਦੀ ਖੋਜ ਕੀਤੀ ਗਈ ਹੈ ਕਿ ਉਹ ਸਿੱਖਿਆ ਨੂੰ ਸਪੱਸ਼ਟ ਤਰੀਕੇ ਨਾਲ ਅਤੇ ਸਹੀ ਤਰੀਕੇ ਦੇ ਨਾਲ ਬਿਆਨ ਕਰ ਸਕਣ, ਪਰ ਉਹ ਲੋਕਾਂ ਦੇ ਕੋਲ ਸਿੱਖਿਆ ਦੇ ਪ੍ਰਤੀ ਸਮੱਸਿਆ ਹੁੰਦੀ ਹੈ ਨਾ ਕੀ ਉਹ ਸ਼ਬਦ ਦੇ ਲਈ।"3

2

# ਕੀ ਪੁਰਾਣਾ ਨੇਮ ਸਿਖਾਉਂਦਾ ਹੈ ਕਿ ਪਰਮੇਸ਼ਰ ਤ੍ਰਿਏਕ ਹੈ?

ਪੁਰਾਣੇ ਨੇਮ ਦਾ ਪ੍ਰਭਾਵ ਪਰਮੇਸ਼ਰ ਦੀ ਏਕਤਾ ਤੇ ਹੈ- ਕਿ ਸਿਰਫ ਇੱਕ ਹੀ ਪਰਮੇਸ਼ਰ ਹੈ।

**ਬਿਵਸਥਾਸਾਰ ੬:੪** ਇਸਰਾਈਲ ਕੌਮ ਇਹ ਗੱਲ ਧਿਆਨ ਨਾਲ ਸੁਣ: ਪ੍ਰਭੂ ਸਾਡਾ ਪਰਮੇਸ਼ਰ ਕੇਵਲ ਇੱਕ ਹੀ ਪ੍ਰਭੂ ਹੈ।

ਯਹੂਦੀਆਂ ਨੂੰ ਆਪਣੇ ਆਪ ਨੂੰ ਮੂਰਤੀਪੂਜਾ ਤੋਂ ਆਜਾਦ ਰੱਖਣਾ ਪੈਂਦਾ ਸੀ। ਉਨ੍ਹਾਂ ਦੇ ਆਲੇ ਦੁਆਲੇ ਦੇ ਲੋਕ ਬਹੁਤ ਸਾਰੇ ਦੇਵਤਿਆਂ ਦੀ ਪੂਜਾ ਕਰਦੇ ਸਨ। ਪਰ ਪਰਮੇਸ਼ਰ ਦੇ ਲੋਕਾਂ ਨੂੰ ਉਨ੍ਹਾਂ ਦੇ ਪਿੱਛੇ ਨਹੀ ਜਾਣਾ ਸੀ। ਇਹ ਸੱਚਾਈ ਇਸ ਗੱਲ ਦਾ ਖੰਡਨ ਨਹੀ ਕਰਦੀ ਕਿ ਇੱਕ ਪਰਮੇਸ਼ਰ ਤਿੰਨ ਵਿਅਕਤੀਆਂ ਦੇ ਵਿੱਚ ਰਹਿੰਦਾ ਹੈ। ਇਹ ਸਿੱਖਿਆ ਪੁਰਾਣੇ ਨੇਮ ਦੇ ਵਿੱਚ ਇੱਕ ਬੀਜ ਦੀ ਤਰ੍ਹਾਂ ਹੈ। ਅਤੇ ਇਹ ਲਗਾਤਾਰ ਪ੍ਰਗਟ ਕਰਦੀ ਹੋਈ ਵੱਧਦੀ ਜਾਂਦੀ ਹੈ, ਜਦ ਤੱਕ ਕਿ ਇਹ ਨਵੇਂ ਨੇਮ ਦੀ ਉਚਾਈ ਤੱਕ ਪਹੁੰਚਦੀ ਹੈ ਕਿ ਯਿਸੂ ਮਸੀਹ ਦਾ ਜਨਮ ਲੈਣਾ ਅਤੇ ਪੰਤੇਕੁਤਸ ਦੇ ਦਿਨ ਪਵਿੱਤਰ ਆਤਮਾ ਦਾ ਦਿੱਤਾ ਜਾਣਾ। ਪਰ ਪੁਰਾਣੇ ਨੇਮ ਦੇ ਵਿੱਚ ਕਈ ਸਬੂਤ ਹਨ ਕਿ ਪਰਮੇਸ਼ਰ ਇੱਕ ਵਿਅਕਤੀ ਤੋਂ ਜਿਆਦਾ ਵਿੱਚ ਰਹਿੰਦਾ ਹੈ।

**ਉਤਪਤ ੧:੨੬**: ਅੰਤ ਵਿਚ ਪਰਮੇਸ਼ਰ ਨੇ ਇਹਾ, "ਹੁਣ ਅਸੀਂ ਮਨੁੱਖ ਆਪਣੇ ਸਰੂਪ ਅਤੇ ਆਪਣੇ ਵਰਗਾ ਬਣਾਵਾਂਗੇ। ਮਨੁੱਖ ਧਰਤੀ ਤੇ ਸਮੁੰਦਰ ਦੀਆਂ ਮੱਛੀਆਂ, ਹਵਾ ਦੇ ਪੰਛੀਆਂ, ਪਸ਼ੂਆਂ ਅਤੇ ਪੇਟ ਦੇ ਭਾਰ ਚਲਨ ਵਾਲੇ ਸਭ ਜੀਵਾਂ ਉਤੇ ਰਾਜ ਕਰੇਗਾ।

ਪਰਮੇਸ਼ਰ ਗੱਲ ਕਰ ਰਿਹਾ ਹੈ ਅਤੇ ਇੱਥੇ ਤੁਸੀਂ ਇਹ ਵੇਖੋ ਕਿ ਇੱਥੇ ਵਿਸ਼ੇਸ਼ਣ ਬਹੁਵਚਨ "ਅਸੀਂ" ਵਰਤਿਆ ਗਿਆ ਹੈ। "ਆਉ ਅਸੀਂ ਮਨੁੱਖ ਨੂੰ ਆਪਣੇ ਸਰੂਪ ਤੇ ਬਣਾਈਏ"। ਕਈ ਲੋਕਾਂ ਨੇ ਇਹ ਕਹਿ ਕੇ ਇਸ ਨੂੰ ਰੱਦਣ ਦੀ ਕੋਸ਼ਿਸ ਕੀਤੀ ਹੈ ਕਿ ਇਹ ਰਾਜਸ਼ੀ ਸ਼ਬਦ ਹੈ ਜਿਵੇਂ ਕਿ ਕੋਈ ਰਾਜਾ ਸ਼ਾਇਦ ਕਹਿ ਸਕਦਾ ਹੈ, "ਆਉ ਅਸੀਂ" ਇਹ ਸਭ ਕੁਝ ਕਰੀਏ। ਪਰ ਉਨ੍ਹਾਂ ਦਿਨਾਂ ਵਿੱਚ ਇਹ ਵਾਲੇ ਸ਼ਬਦ ਨਹੀ ਸੀ ਵਰਤੇ ਜਾਂਦੇ। ਦੂਸਰੇ ਲੋਕ ਕਹਿੰਦੇ ਹਨ ਕਿ ਪਰਮੇਸ਼ਰ ਨੇ ਇੱਥੈ ਸਵਰਗ ਦੂਤਾਂ ਨੂੰ ਵਿੱਚ ਲਿਆਂਦਾ ਹੈ, ਪਰ ਕਿਤੇ ਵੀ ਵਚਨ ਦੇ ਵਿੱਚ ਇਹ ਨਹੀ ਕਿਹਾ ਗਿਆ ਹੈ ਕਿ ਅਸੀਂ ਪਰਮੇਸ਼ਰ ਅਤੇ ਦੂਤਾਂ ਦੇ ਸਰੂਪ ਤੇ ਬਣਾਏ ਗਏ ਹਾਂ। ਇਹ ਸੱਚ ਹੈ ਕਿ ਇਹ ਆਇਤ ਤ੍ਰਿਏਕਤਾ ਨੂੰ ਸਾਬਿਤ ਨਹੀ ਕਰਦੀ ਹੈ। ਪਰ ਇੱਥੇ ਪਰਮੇਸ਼ਰ ਨੂੰ ਬਹੁਵਚਨ ਦੇ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਅਤੇ ਜੇਕਰ ਅਸੀਂ ਤ੍ਰਿਏਕਤਾ ਦੇ ਬਾਰੇ ਸੋਚੀਏ ਤਾਂ ਫਿਰ ਹੀ ਇਸਦਾ ਅਰਥ *ਸਮਝ ਆਉਂਦਾ* ਹੈ।

ਜਦ ਮਨੁੱਖ ਨੇ ਪਰਮੇਸ਼ਰ ਦੇ ਵਿਰੋਧ ਵਿੱਚ ਵਿਦਰੋਹ ਕੀਤਾ ਤਾਂ ਅਸੀਂ ਇਨ੍ਹਾਂ ਸ਼ਬਦਾਂ ਨੂੰ ਪੜਦੇ ਹਾਂ:

**ਉਤਪਤ ੩:੨੨** ਪ੍ਰਭੂ ਪਰਮੇਸ਼ਰ ਨੇ ਕਿਹਾ, "ਹੁਣ ਆਦਮੀ ਸਾਡੇ ਵਰਗਾ ਹੋ ਗਿਆ ਹੈ ਅਤੇ ਭਲੇ ਅਤੇ ਬੁਰੇ ਦਾ ਗਿਆਨ ਰੱਖਦਾ ਹੈ। ਹੋ ਸਕਦਾ ਹੈ ਕਿ ਉਹ ਹੱਥ ਵੱਧਾ ਕੇ ਜੀਵਨ ਦੇ ਰੁੱਖ ਦਾ ਫਲ ਵੀ ਤੋੜ ਕੇ ਖਾ ਲਵੇ, ਅਤੇ ਹਮੇਸ਼ਾ ਤਕ ਜੀਵੇ।"

ਇੱਥੇ ਸਪੱਸ਼ਟ ਤਰੀਕੇ ਦੇ ਨਾਲ ਯਹੋਵਾਹ ਪਰਮੇਸ਼ਰ ਹੀ ਗੱਲ ਕਰ ਰਿਹਾ ਹੈ ਅਤੇ ਫਿਰ ਵੀ ਉਹ ਕਹਿੰਦਾ ਹੈ, "ਵੇਖੋ ਆਦਮੀ ਸਾਡੇ ਵਿੱਚੋਂ ਇੱਕ ਵਰਗਾ ਹੋ ਗਿਆ ਹੈ" ਜੋ ਕਿ ਫਿਰ ਤੋਂ ਇੱਕ ਪਰਮੇਸ਼ਰ ਦੇ ਤੋਰ ਤੇ ਪਰਮੇਸ਼ਰ ਦੇ ਬਹੁਵਚਨ ਨੂੰ ਵਿਖਾਉਂਦੀ ਹੈ। ਅਸੀਂ ਉਤਪਤ 11 ਵਿੱਚ

ਵੇਖਦੇ ਹਾਂ ਕਿ ਜਦ ਮਨੁੱਖ ਬੁਰਜ ਬਣਾ ਕੇ ਸਵਰਗ ਤੱਕ ਪਹੁੰਚਣ ਦੀ ਕੋਸ਼ਿਸ ਕਰਦੇ ਹਨ ਤਾਂ ਅਸੀਂ ਪਰਮੇਸ਼ਰ ਦੇ ਬਾਰੇ ਵਿੱਚ ਇਹ ਪੜਦੇ ਹਾਂ:

**ਉਤਪਤ ੧੧:੭** ਇਸ ਲਈ ਆਓ ਹੇਠਾਂ ਚਲੀਏ ਅਤੇ ਉਹਨਾਂ ਦੀ ਭਾਂਸ਼ਾ ਵੱਖ ਵੱਖ ਕਰ ਦਈਏ ਕਿ ਉਹ ਇਕ ਦੂਜੇ ਨੂੰ ਸਮਝ ਨਾ ਸਕਣ।"

ਇੱਥੇ ਅਸੀਂ ਵੇਖਦੇ ਹਾਂ ਕਿ ਪਰਮੇਸ਼ਰ ਗੱਲ ਕਰ ਰਿਹਾ ਹੈ ਅਤੇ ਫਿਰ ਵੀ ਵਿਸ਼ੇਸਣ "ਅਸੀਂ" ਵਰਤਿਆ ਗਿਆ ਹੈ। ਹੋਰ ਵੀ ਬਹੁਤ ਸਾਰੀਆਂ ਘਟਨਾਵਾਂ ਹਨ ਜਿੱਥੇ ਪ੍ਰਭੂ ਦਾ ਇੱਕ ਦੂਤ ਪ੍ਰਗਟ ਹੁੰਦਾ ਹੈ, ਪਰ ਉਹ ਇਸ ਤਰੀਕੇ ਦੇ ਨਾਲ ਗੱਲ ਕਰਦਾ ਹੈ ਜਿਵੇਂ ਕਿ ਪਰਮੇਸ਼ਰ ਹੈ ਅਤੇ ਲੋਕਾਂ ਦੇ ਦੁਆਰਾ ਉਹ ਪਛਾਣਿਆ ਜਾਂਦਾ ਹੈ। ਮੈਂ ਤੁਹਾਨੂੰ ਕੁਝ ਉਦਹਾਰਣਾ ਦਿੰਦਾ ਹਾਂ। ਪ੍ਰਭੂ ਦਾ ਦੂਤ ਹਾਜਰਾ ਦੇ ਕੋਲ ਪ੍ਰਗਟ ਹੋਇਆ ਇਹ ਉਤਪਤ 16 ਦੇ ਵਿੱਚ ਹੈ ਅਤੇ ਉਸ ਨੇ 13-14 ਆਇਤ ਦੇ ਵਿੱਚ ਇਹ ਕਿਹਾ:

**ਉਤਪਤ ੧੬:੧੩-੧੪** ਹਾਜਰਾ ਨੇ ਕਿਹਾ, "ਕੀ ਮੈਂ ਸਚਮੁਚ ਪ੍ਰਭੂ ਦੇ ਦਰਸ਼ਨ ਕੀਤੇ ਹਨ ਅਤੇ ਫਿਰ ਵੀ ਜੀਉਂਦੀ ਰਹੀ ਹਾਂ?" ਉਸ ਨੇ ਅੱਗੇ ਕਿਹਾ, "ਹੇ ਪ੍ਰਭੂ, ਤੂੰ ਦੇਖਣ ਵਾਲਾ ਪਰਮੇਸ਼ਰ ਹੈ। ਇਸ ਲਈ ਲੋਕ ਉਸ ਖੂਹ ਨੂੰ ਜੋ ਕਾਦੇਸ਼ ਅਤੇ ਬਰਦ ਦੇ ਵਿਚਕਾਰ ਹੈ, "ਉਸ ਦਾ ਖੂਹ, ਜੋ ਜੀਉਂਦਾ ਹੈ, ਅਤੇ ਦੇਖ਼ਦਾ ਹੈ," ਕਹਿੰਦੇ ਹਨ।"

ਅਸੀਂ ਵੇਖਦੇ ਹਾਂ ਕਿ ਪਰਮੇਸ਼ਰ ਮਨੁੱਖੀ ਰੂਪ ਵਿੱਚ ਯਹੋਸ਼ੂ ਨੂੰ ਦਰਸ਼ਨ ਦਿੰਦੇ ਹਨ, ਇਸ ਤੋਂ ਪਹਿਲਾਂ ਕਿ ਉਹ ਜਮੀਨ (ਕਨਾਨ) ਨੂੰ ਜਿੱਤਣ ਲਈ ਜਾ ਰਿਹਾ ਸੀ। ਵੇਖੋ ਕਿ ਕਿਵੇਂ ਯਹੋਸ਼ੂ ਡਿੱਗ ਕੇ ਉਸਦੀ ਆਰਾਧਨਾ ਕਰਦਾ ਹੈ। ਅਤੇ ਉਹ ਜਗ੍ਹਾਂ ਪਵਿੱਤਰ ਹੈ ਕਿਉਂਕਿ ਪਰਮੇਸ਼ਰ ਨੇ ਉਸ ਨੂੰ ਦਰਸ਼ਨ ਦਿੱਤਾ ਹੈ:

**ਯਹੋਸ਼ੂ ੫:੧੩-੧੫** "ਜਦੋਂ ਯਹੋਸ਼ੁਆ ਯਰੀਹੋ ਦੇ ਲਾਗੇ ਪਹੁੰਚਿਆ, ਤਾਂ ਅਚਾਨਕ ਉਸ ਨੇ ਇਕ ਆਦਮੀ ਨੂੰ ਹੱਥ ਵਿਚ ਤਲਵਾਰ ਲਈ ਆਪਣੇ ਸਾਹਮਣੇ ਖੜੇ ਦੇਖਿਆ। ਯਹੋਸ਼ੁਆ ਨੇ ਉਸ ਆਦਮੀ ਕੋਲ ਜਾ

ਕੇ ਪੁਛਿਆ, "ਤੁਸੀਂ ਕੌਣ ਹੋ? ਤੁਸੀਂ ਸਾਡੇ ਵੱਲ ਹੋ ਜਾ ਸਾਡੇ ਵੈਰੀਆਂ ਦੇ ਵਲ।" ਉਸ ਅਦਮੀ ਨੇ ਉੱਤਰ ਦਿੱਤਾ, "ਨਹੀਂ ਮੈਂ ਪ੍ਰਭੂ ਦੀ ਸੇਨਾ ਦਾ ਸੈਨਾਪਤੀ ਹਾਂ।" ਯਹੋਸ਼ੁਆ ਇਹ ਸੁਣ ਕੇ ਤੁਰੰਤ ਧਰਤੀ ਉਤੇ ਮੂੰਹ ਭਾਰ ਡਿਗ ਪਿਆ ਅਤੇ ਬੋਲਿਆ, "ਸ੍ਰੀਮਾਨ ਜੀ, ਮੈਂ ਤਾਂ ਤੁਹਾਡਾ ਦਾਸ ਹਾਂ। ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ। ਸੈਨਾਪਤੀ ਨੇ ਯਹੋਸ਼ੁਆ ਨੂੰ ਕਿਹਾ, ਅਪਣੇ ਪੈਰਾ ਜੁੱਤੀ ਉਤਾਰ ਦੇ, ਕਿਉਂਕਿ ਤੁ ਪਰਵਿਤਰ ਧਰਤੀ ਤੇ ਖੜਾ ਹੈ।" ਸੋ ਯਹੋਸ਼ੁਆ ਨੇ ਆਪਣੇ ਪੈਰੋਂ ਜੁਤੀ ਉਤਾਰ ਦਿਤੀ।"

ਇਹੋ ਜਿਹੀ ਭਾਸ਼ਾ ਬਹੁਤ ਹੀ ਖਤਰਨਾਕ ਹੋਵੇਗੀ ਜਦ ਤੱਕ ਇਹ ਇਸ ਸੱਚਾਈ ਨੂੰ ਨਾ ਦਿਖਾਂਉਂਦੀ ਹੋਵੇ ਕਿ ਪਰਮੇਸ਼ਰ ਇੱਕ ਤੋਂ ਬੱਧ ਵਿਅਕਤੀਆਂ ਦੇ ਰੂਪ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਹੋਰ ਵੀ ਸਬੂਤ ਹਨ ਜੋ ਕਿ ਇੱਕ ਪਰਮੇਸ਼ਰ ਦੀ ਤ੍ਰਿਏਕਤਾ ਨੂੰ ਸਾਬਿਤ ਕਰਦੇ ਹਨ। ਪਰਮੇਸ਼ਰ ਨੇ ਯਸਾਯਹ ਨਬੀ ਨੂੰ ਦਰਸ਼ਨ ਦਿੱਤਾ ਅਤੇ ਦੂਤ ਪੁਕਾਰ ਉੱਠੇ, :ਪਵਿੱਤਰ ਪਵਿੱਤਰ ਪਵਿੱਤਰ" ਜੋ ਕਿ ਪਰਮੇਸ਼ਰ ਦੀ ਤ੍ਰਿਏਕਤਾ ਨੂੰ ਸੰਬੋਧਿਤ ਕਰਦੇ ਹਨ। ਇਹ ਸਾਡੇ ਲਈ ਸਾਫ ਹੋ ਜਾਂਦਾ ਹੈ ਜਦ ਪਰਮੇਸ਼ਰ ਸਾਡੇ ਨਾਲ ਗੱਲ ਕਰਦਾ ਹੈ:

**ਯਸਾਯਹ ੬:੧-੩** "ਰਾਜਾ ਉਜ਼ੀਯਾਹ ਦੀ ਮੌਤ ਵਾਲੇ ਸਾਲ ਵਿਚ, ਮੈਂ ਪ੍ਰਭੂ ਨੂੰ ਇਕ ਦਰਸ਼ਨ ਵਿਚ ਦੇਖਿਆ। ਉਹ ਉਚੇ ਤੇ ਪਰਭਾਵਸ਼ਾਲੀ ਸਿੰਘਾਸਨ ਉਤੇ ਬੈਠਾ ਹੋਇਆ ਸੀ ਅਤੇ ਉਸ ਦੇ ਸ਼ਾਹੀ ਲਿਬਾਸ ਨਾਲ ਸਾਰਾ ਮੰਦਰ ਭਰਿਆ ਹੋਇਆ ਸੀ। ਉਸ ਦੇ ਚਾਰੇ ਪਾਸੇ ਦੈਵੀ ਪ੍ਰਾਣੀ ਖੜੇ ਸਨ, ਜਿਨ੍ਹਾਂ ਦੇ ਛੇ ਛੇ ਖੰਭ ਸਨ। ਹਰ ਪ੍ਰਾਣੀ ਦੋ ਖੰਭਾਂ ਨਾਲ ਆਪਣਾ ਮੂੰਹ ਢੱਕਦਾ ਦੋ ਖੰਭਾਂ ਨਾਲ ਆਪਣੇ ਸਰੀਰ ਢੱਕਦਾ ਅਤੇ ਦੋ ਖੰਭਾਂ ਨਾਲ ਉੱਡਦਾ ਸੀ। ਉਹ ਇਕ ਦੂਜੇ ਨੂੰ ਪੁਕਾਰ ਕੇ ਕਹਿ ਰਹੇ ਸਨ: "ਪਵਿੱਤਰ, ਪਵਿੱਤਰ, ਪਵਿੱਤਰ! ਸ਼ਰਵ ਸ਼ਕਤੀਮਾਨ ਪ੍ਰਭੂ ਪਵਿੱਤਰ ਹੈ! ਉਸ ਦਾ ਪ੍ਰਤਾਪ ਸੰਸਾਰ ਨੂੰ ਭਰਦਾ ਹੈ!"

**ਯਸਾਯਹ ੬:੮** "ਤਦ ਮੈਂ ਪ੍ਰਭੂ ਨੂੰ ਕਹਿੰਦੇ ਸੁਣਿਆ, "ਮੈਂ ਕਿਸ ਨੂੰ ਘੱਲਾਂ? ਮੇਰਾ ਸੰਦੇਸ਼ਵਾਹਕ ਕੌਨ ਬਣੇਗਾ?" ਮੈ ਉੱਤਰ ਦਿੱਤਾ, "ਮੈਂ ਜਾਵਾਂਗਾ! ਮੈਨੂੰ ਘੱਲ!"

ਵੇਖੋ ਇੱਥੇ ਪਰਮੇਸ਼ਰ ਕਹਿ ਰਿਹਾ ਹੈ, "ਮੈਂ ਕਿਹ ਨੂੰ ਘੱਲਾਂ?" ਇਹ ਇੱਕ ਵਚਨ ਦੇ ਵਿੱਚ ਹੈ ਅਤੇ ਫਿਰ ਅਸੀਂ ਅੱਗੇ ਪੜ੍ਹਦੇ ਹਾਂ "ਅਤੇ ਕੌਣ *ਸਾਡੇ ਲਈ* ਜਾਵੇਗਾ?" ਇੱਥੇ ਇੱਕ ਵਚਨ ਅਤੇ ਬਹੁਵਚਨ ਦੋਵੇਂ ਇਸ ਕਰਕੇ ਵਰਤੇ ਜਾ ਸਕਦੇ ਹਨ ਕਿਉਂਕਿ ਪਰਮੇਸ਼ਰ ਇੱਕ ਹੈ ਅਤੇ ਉਹ ਤ੍ਰਿਏਕ ਹੈ। ਹਾਰੂਨ ਦੀ ਇੱਕ ਬਰਕਤ ਪਰਮੈਸ਼ਰ ਦੀ ਤਿਏਕਤਾ ਨੂੰ ਸਾਬਿਤ ਕਰਦੀ ਹੈ:

**ਗਿਣਤੀ ੬:੨੪-੨੬** "ਪ੍ਰਭੂ ਤੁਹਾਨੂੰ ਅਸੀਸ ਦੇਵੇ ਅਤੇ ਤੁਹਾਡੀ ਸੰਭਾਲ ਕਰੇ, ਪ੍ਰਭੂ ਤੁਹਾਡੇ ਤੇ ਰਹਿਮ ਅਤੇ ਕਿਰਪਾ ਕਰੇ। ਪ੍ਰਭੂ ਤੁਹਾਡੇ ਤੇ ਦਯਾ ਦੀ ਨਜ਼ਰ ਕਰੇ ਅਤੇ ਤੁਹਾਨੂੰ ਸ਼ਾਂਤੀ ਦੇਵੇ।"

ਹੋਰ ਵੀ ਵਚਨ ਹਨ ਜੋ ਕਿ ਤ੍ਰਿਏਕਤਾ ਨੂੰ ਸਾਫ ਕੀਤੀ ਤੋਂ ਦੱਸਦੇਂ ਹਾਂ। ਹੇਠ ਲਿਖੀ ਆਇਤ ਨੂੰ ਵੇਖੋ:

**ਯਸਾਯਹ ੪੮:੧੬** "ਤੁਸੀਂ ਮਰੇ ਨੇੜੇ ਆ ਕੇ ਸੁਣੋ, ਜੋ ਮੈਂ ਕਹਿੰਦਾ ਹਾਂ, ਅੰਰਭ ਤੋਂ ਲੈ ਕੇ ਮੈਂ ਖੁਲ੍ਹੇ ਆਮ ਬੋਲਿਆ ਹਾਂ, ਅਤੇ ਹਮੇਸ਼ਾ ਅਪਣੇ ਵਚਨਾ ਨੂੰ ਸੱਚਾ ਸਿੱਧ ਕੀਤਾ ਹੈ।"

ਇੱਥੇ ਆਵਾਜ ਈਸ਼ੁਰੀ ਹੈ ਜਿਵੇਂ ਕਿ ਸੰਦਰਭ ਵਿਖਾ ਰਿਹਾ ਹੈ, ਪਰ ਇੱਥੇ ਤਿੰਨਾਂ ਦੀ ਗੱਲ ਹੋ ਰਹੀ ਹੈ। ਪ੍ਰਭੂ ਪਰਮੇਸ਼ਰ, ਅਤੇ ਪਵਿੱਤਰ ਆਤਮਾ ਜਿਸ ਨੇ ਮੈਨੂੰ ਘੱਲ਼ਿਆ ਹੈ।

**ਯਸਾਯਹ ੬੧:੧** "ਪ੍ਰਭੂ ਪਰਮੇਸ਼ਰ ਦਾ ਆਤਮਾ ਮੇਰੇ ਉਤੇ ਹੈ, ਉਸ ਨੇ ਮੇਰਾ ਅਭਿਸੇਕ ਕੀਤਾ ਹੈ, ਕਿ ਮੈਂ ਗਰੀਬਾ ਨੂੰ ਸ਼ੁਭ ਸਮਾਚਾਰ ਸੁਣਾਵਾਂ। ਉਸ ਨੇ ਮੈਨੂੰ ਘਲਿਆ ਕਿ ਮੈਂ ਜਖ਼ਮੀ ਦਿਲਾਂ ਵਾਲਿਆ ਨੂੰ ਚੰਗਾ ਕਰਾ, ਬੰਦੀਆ ਨੂੰ ਮੁਕਤੀ ਦੇਵਾਂ ਅਤੇ ਪੀੜਤਾਂ ਨੂੰ ਸੁਤੰਤਰ ਕਰਾਂ।"

ਇਹ ਪਦ ਸਾਡੇ ਪ੍ਰਭੂ ਨੇ ਆਪਣੇ ਆਪ ਨੂੰ ਲੂਕਾ 4:16-21 ਵਿੱਚ ਇੱਕ ਪ੍ਰਾਥਨਾ ਘਰ ਵਿੱਚ ਸੰਬੋਧਿਤ ਕੀਤਾ ਹੈ। ਇੱਥੇ ਪਵਿੱਤਰ ਆਤਮਾ ਦੀ ਗੱਲ ਹੋ ਰਹੀ ਹੈ, ਪ੍ਰਭੂ ਪਰਮੇਸ਼ਰ ਦੀ ਗੱਲ ਹੋ ਰਹੀ ਹੈ, ਅਤੇ ਉਸ

ਦੀ ਜਿਸ ਨੂੰ ਘੱਲਿਆ ਗਿਆ ਹੈ, ਜੋ ਕਿ ਪਰਮੇਸ਼ਰ ਦਾ ਪੁੱਤਰ ਹੈ। ਇਹ ਸਾਫ ਹੋ ਜਾਂਦਾ ਹੈ ਜਦ ਅਸੀਂ ਯਸਾਯਹ 9 ਵਿੱਚ ਪੜਦੇ ਹਾਂ:

**ਯਸਾਯਹ ੯:੬** ਸਾਡੇ ਲਈ ਇੱਕ ਬਾਲਕ ਪੈਦਾ ਹੋਇਆ, ਇਕ ਪੁੱਤਰ ਸਾਨੂੰ ਦਿੱਤਾ ਗਿਆ ਹੈ, ਜੋ ਸਾਡੇ ਉਤੇ ਰਾਜ ਕਰੇਗਾ, ਉਸ ਦਾ ਨਾਂ ਇਸ ਤਰ੍ਹਾਂ ਲਿਆ ਜਾਵੇਗਾ "ਅਦਭੁਤ ਸਲਾਹਕਾਰ", "ਅਨੰਤ ਪਿਤਾ", "ਸ਼ਾਂਤੀ ਦਾ ਰਾਜਕੁਮਾਰ।"

ਧਿਆਨ ਦੇ ਨਾਲ ਭਾਸ਼ਾ ਨੂੰ ਵੇਖੋ, "ਇੱਕ ਬਾਲਕ ਜੰਮਿਆ" ਅਤੇ "ਇੱਕ ਪੁੱਤਰ ਦਿੱਤਾ ਗਿਆ"। ਇਹ ਦੋਵੇਂ ਇੱਕੋ ਗੱਲ ਨਹੀ ਕਰ ਰਹੇ ਹਨ। ਪਹਿਲਾਂ ਗੱਲ ਕਰਦਾ ਹੈ ਕਿ ਪਰਮੇਸ਼ਰ ਨੇ ਸਾਡਾ ਰੂਪ ਲੈ ਲਿਆ ਅਤੇ ਦੂਸਰਾ ਹਿੱਸਾ ਪਰਮੇਸ਼ਰ ਦੇ ਪੁੱਤਰ ਦੀ ਜੋ ਸਾਨੂੰ ਦਿੱਤਾ ਗਿਆ ਹੈ, ਉਸਦੀ ਸਦੀਪਕ ਹੋਂਦ ਦੀ ਗੱਲ ਕਰ ਰਿਹਾ ਹੈ। ਜਦ ਅਸੀਂ ਇਨ੍ਹਾਂ ਗੱਲਾਂ ਨੂੰ ਸਮਝਦੇ ਹਾਂ ਫਿਰ ਹੀ ਅਸੀਂ ਉਸਦੀ ਪ੍ਰਸੰਸਾ ਕਰ ਸਕਦੇ ਹਾਂ ਕਿ ਉਹ "ਅਚਰਜ਼ ਸਲਾਹੂ, ਸ਼ਕਤੀਮਾਨ ਪਰਮੇਸ਼ਰ, ਆਨਾਦੀ ਪਿਤਾ, ਸ਼ਾਂਤੀ ਦਾ ਰਾਜ਼ਕੁਮਾਰ" ਹੈ।

**ਯਸਾਯਹ ੬੩:੯-੧੦** "ਓਤੇ ਉਸ ਨੇ ਉਹਨਾਂ ਨੂੰ, ਉਹਨਾਂ ਦੇ ਦੁਖਾਂ ਤੋ ਬਚਾਇਆ। ਉਸਨੇ ਆਪਣੇ ਪਿਆਰ ਅਤੇ ਦਿਆ ਦੇ ਕਾਰਨ ਉਹਨਾਂ ਦਾ ਬਚਾ ਕੀਤਾ, ਅਤੇ ਉਸਨੇ ਹਮੇਸ਼ਾ ਗੁਜ਼ਾਰੇ ਸਮੇਂ ਵਿਚ ਉਹਨਾਂ ਦੂ ਦੇਖਭਾਲ ਕੀਤੀ ਹੈ। ਪਰ ਉਹਨਾਂ ਨੇ ਹਮੇਸ਼ਾ ਉਸ ਦੇ ਵਿਰੁੱਧ ਵਿਦਰੋਹ ਕਰਕੇ, ਉਸ ਨੂੰ ਦੁੱਖੀ ਕੀਤਾ। ਇਸ ਲਈ ਪ੍ਰਭੂ ਉਹਨਾਂ ਦਾ ਵੈਰੀ ਬਣ ਗਿਆ ਅਤੇ ਉਹ ਉਹਨਾਂ ਦੇ ਵਿਰੁੱਧ ਲੜਿਆ।"

ਇਸ ਅਧਿਆਏ ਦੇ ਵਿੱਚ ਇੱਕ ਦੂਤ ਹੈ ਜੋ ਕਿ ਮਿਸਰੀਆਂ ਦੇ ਹੱਥੋਂ ਇਸਰਾਲੀਆਂ ਨੂੰ ਛੁਡਾਉਂਦਾ ਹੈ ਅਤੇ ਉਨ੍ਹਾਂ ਨੂੰ ਵਾਇਦੇ ਦੇ ਦੇਸ਼ ਵਿੱਚ ਲੈ ਕੇ ਜਾਂਦਾ ਹੈ। ਅਤੇ ਲੋਕਾਂ ਨੇ ਉਸਦੇ ਪਵਿੱਤਰ ਆਤਮਾ ਨੂੰ ਦੁਖੀ ਕੀਤਾ। ਅਸੀਂ ਇੱਥੇ ਇੱਕ ਵਾਰ ਫਿਰ ਤੋਂ ਪਰਮੇਸ਼ਰ ਦੇ ਨਾਲ ਦੋ ਹੋਰਨਾਂ ਦਾ ਜਿਕਰ ਵੇਖਦੇ ਹਾਂ। ਫਿਰ ਇੰਨੇ ਸਾਰੇ ਸਬੂਤਾਂ ਦੇ ਬਾਵਜੂਦ ਯਹੂਦੀਆਂ ਨੇ ਕਿਉਂ ਅੱਜ ਤੱਕ ਵਿਸ਼ਵਾਸ ਨਹੀ ਕੀਤਾ ਅਤੇ ਉਹ

ਕਿਉਂ ਤ੍ਰਿਏਕਤਾ ਦੀ ਸਿੱਖਿਆ ਦਾ ਖੰਡਨ ਕਰਦੇ ਹਨ? ਇਹ ਸਿਰਫ ਇਸ ਸਿੱਖਿਆ ਦਾ ਹੀ ਵਿਰੋਧ ਨਹੀ ਹੈ ਬਲਕਿ ਉਹ ਤਾਂ ਯਿਸੂ ਦੀ ਜੋ ਕਿ ਮਸੀਹਾ ਹੈ, ਦਾ ਵੀ ਇਨਕਾਰ ਕਰਦੇ ਹਨ, ਭਾਵੇਂਕਿ ਉਸਦੇ ਬਾਰੇ ਵਿੱਚ ਸਭ ਭਵਿੱਖਬਾਣੀਆਂ ਪੂਰੀਆਂ ਹੋਈਆਂ ਹਨ। ਪੌਲੁਸ ਜੋ ਕਿ ਇੱਕ ਮਾਹਾਨ ਰੱਬੀ ਸੀ, ਵੀ ਉਸ ਸਮੇਂ ਤੱਕ ਵਿਸ਼ਵਾਸ ਨਹੀ ਕਰ ਪਾਇਆ ਜਦ ਤੱਕ ਕਿ ਉਸਦੀਆਂ ਅੱਖਾਂ ਨਹੀ ਖੁੱਲੀਆਂ ਅਤੇ ਉਸ ਨੂੰ ਵੀ ਇਹ ਮੰਨਣ ਵਿਚ ਕਿ ਯਿਸੂ ਪ੍ਰਭੂ ਹੈ ਅਤੇ ਉਹ ਦੇਹਧਾਰੀ ਹੋਇਆ ਹੈ, ਕੋਈ ਸਮੱਸਿਆ ਨਹੀ ਸੀ ( ਫਿਲ 2:6–11)।

**ਬੀ ਬੀ ਵੋਰਫੀਲਡ** ਜੋ ਕਿ 20ਵੀ ਸਦੀ ਦਾ ਇੱਕ ਅਮਰੀਕਨ ਧਰਮ ਵਿਗਆਨੀ ਸੀ ਨੇ ਲਿਖਿਆ:

> “ਤੁਸੀ ਪੁਰਾਣੇ ਨੇਮ ਨੂੰ ਇੱਕ ਵੱਡੇ ਕਚਿਹਰੀ ਦੇ ਕਮਰੇ ਦੀ ਤਰ੍ਹਾਂ ਵੇਖ ਸਕਦੇ ਹੋ ਪਰ ਉੱਥੇ ਬਹੁਤ ਹੀ ਮੱਧਮ ਰੋਸ਼ਨੀ ਹੈ। ਚਾਨਣ ਇਸ ਦੇ ਵਿੱਚ ਕੋਈ ਹੋਰ ਨਵੀਂ ਚੀਜ ਨਹੀ ਜੋੜਦਾ ਹੈ, ਜੋ ਕਿ ਪਹਿਲਾਂ ਨਹੀ ਸੀ, ਪਰ ਇਹ ਹੋਰ ਵੀ ਜਿਆਦਾ ਸਾਫ ਤਰੀਕੇ ਦਾ ਨਾਲ ਦਿਖਾ ਦਿੰਦਾ ਹੈ ਕਿ ਪਹਿਲਾਂ ਕੀ ਸੀ, ਪਰ ਉਹ ਸਭ ਬਹੁਤ ਹੀ ਧੁੰਧਲਾ ਸੀ ਅਤੇ ਉਸ ਨੂੰ ਪਹਿਲਾ ਸੋਚਿਆ ਨਹੀ ਸੀ ਗਿਆ। ਤ੍ਰਿਏਕਤਾ ਦਾ ਭੇਤ ਪੁਰਾਣੇ ਨੇਮ ਵਿੱਚ ਪ੍ਰਗਟ ਨਹੀ ਕੀਤਾ ਗਿਆ ਹੈ, ਪਰ ਤ੍ਰਿਏਕਤਾ ਦਾ ਭੇਤ ਦੇ ਹੇਠਾਂ ਹੀ ਪੁਰਾਣੇ ਨੇਮ ਦਾ ਭੇਤ ਹੈ ਅਤੇ ਉਹ ਬਾਰ ਬਾਰ ਸਾਹਮਣੇ ਆ ਰਿਹਾ ਹੈ। ਇਸ ਕਰਕੇ ਪਰਮੇਸ਼ਰ ਦੀ ਪੁਰਾਣੇ ਨੇਮ ਦਾ ਪ੍ਰਕਾਸ਼, ਪੂਰੇ ਪ੍ਰਕਾਸ਼ ਦੇ ਨਾਲ ਸੁਧਾਰਿਆ ਨਹੀ ਗਿਆ ਹੈ, ਪਰ ਸਿਰਫ ਸਿੱਧ ਕੀਤਾ ਗਿਆ ਹੈ ਅਤੇ ਵਧਾਇਆ ਅਤੇ ਸਪੱਸ਼ਟ ਕੀਤਾ ਗਿਆ ਹੈ।”4

ਇਹ ਕਹਿਣਾ ਸਹੀ ਨਹੀ ਹੈ ਕਿ ਕੋਈ ਯਹੂਦੀ ਵੀ ਤ੍ਰਿਏਕਤਾ ਦੇ ਉੱਪਰ ਵਿਸ਼ਵਾਸ ਨਹੀ ਕਰਦਾ ਸੀ, ਕਿਉਂਕਿ ਯਿਸੂ ਦੇ ਪਹਿਲੇ ਚੇਲੇ ਯਹੂਦੀ

ਸਨ ਅਤੇ ਬਚਪਨ ਤੋਂ ਹੀ ਉਨ੍ਹਾਂ ਨੂੰ ਸਿਖਾਇਆ ਗਿਆ ਸੀ ਕਿ ਇੱਕ ਹੀ ਪਰਮੇਸ਼ਰ ਹੈ ਅਤੇ ਫਿਰ ਵੀ ਉਨ੍ਹਾਂ ਨੇ ਦੇਹਧਾਰੀ ਯਿਸੂ ਨੂੰ ਪਰਮੇਸ਼ਰ ਮੰਨ ਕੇ ਉਸਦੀ ਆਰਾਧਨਾ ਕੀਤੀ। ਜੇਕਰ ਮਨੁੱਖ ਵਚਨ ਲਿਖ ਰਹੇ ਸਨ ਅਤੇ ਉਹ ਯਹੂਦੀਆਂ ਦੀ ਤਰ੍ਹਾਂ ਇੱਕ ਪਰਮੇਸ਼ਰ ਨੂੰ ਮੰਨਣ ਵਾਲੇ ਸਨ ਤਾਂ ਉਹ ਬਿਲਕੁਲ ਪਰਮੇਸ਼ਰ ਦੇ ਬਹੁਵਚਨ ਵਾਲੇ ਵਚਨ ਲਿਖਣ ਤੋਂ ਸੰਕੋਚ ਕਰਦੇ। ਪਰ ਕਿਉਂਕਿ ਵਚਨ ਪਰਮੇਸ਼ਰ ਦੀ ਵੱਲੋਂ ਦਿੱਤਾ ਗਿਆ ਹੈ ਅਤੇ ਇਹ ਸੱਚ ਹਨ, ਇਸ ਦੇ ਬਾਵਜੂਦ ਕਿ ਯਹੂਦੀ ਇਸ ਗੱਲ ਤੇ ਵਿਸ਼ਵਾਸ ਨਹੀ ਕਰਦੇ ਹਨ। ਪੁਰਾਣੇ ਨੇਮ ਦੇ ਸਭ ਬਲੀਦਾਨ ਯਿਸੂ ਦੇ ਸਲੀਬ ਦੇ ਉਪਰ ਬਲੀਦਾਨ ਦੇ ਵੱਲ ਇਸ਼ਾਰਾ ਕਰਦੇ ਹਨ, ਜੋ ਕਿ ਅੱਜ ਸਾਡੇ ਸਾਮ੍ਹਣੇ ਜਾਹਿਰ ਹਨ ਪਰ ਯਹੂਦੀ ਇਸ ਦਾ ਇਨਕਾਰ ਕਰਦੇ ਹਨ। ਤਰਸ਼ਿਸ ਦਾ ਸ਼ਾਉਲ ਵੀ ਇਸਦਾ ਇਨਕਾਰ ਕਰਦਾ ਰਹਿੰਦਾ ਜੇਕਰ ਯਿਸੂ ਉਸਦੀਆਂ ਅੰਨ੍ਹੀਆਂ ਅੱਖਾਂ ਨੂੰ ਨਾ ਖੋਲਦਾ। ਵਿਸ਼ਵਾਸ ਦੇ ਦੁਆਰਾ ਹੀ ਅਸੀਂ ਵਿਸ਼ਵਾਸ ਕਰਦੇ ਹਾਂ। ਅਤੇ ਅਸੀਂ ਆਪਣੇ ਤਰਕਾਂ ਦੇ ਦੁਆਰਾ ਇੰਨ੍ਹਾਂ ਸੱਚਾਈਆਂ ਤੱਕ ਨਹੀ ਪਹੁੰਚ ਪਾਉਂਦੇ ਹਾਂ।

3

# ਯਿਸੂ ਮਸੀਹ ਦੇ ਈਸਵਰ ਹੋਣ ਦਾ ਨਵੇ ਨੇਮ ਦਾ ਦਾਵਾ:

ਪਿਤਾ ਪਰਮੇਸ਼ਰ ਦੇ ਪਰਮੇਸ਼ਰ ਹੋਣ ਦੇ ਪ੍ਤੀ ਕੋਈ ਸੰਦੇਹ ਨਹੀ ਹੈ। ਪਰ ਬਹੁਤ ਸਾਰੇ ਪੁਤਰ ਦੀ ਈਸਵਰਤਾਈ ਅਤੇ ਪਵਿੱਤਰ ਆਤਮਾ ਦੀ ਈਸਵਰਤਾਈ ਨੂੰ ਰੱਦਦੇ ਹਨ। ਉਹ ਆਤਮਾ ਨੂੰ ਕੋਈ ਊਰਜਾ ਜਾਂ ਸ਼ਕਤੀ ਸਮਝਦੇ ਹਨ। ਇਸ ਹਿੱਸੇ ਵਿੱਚ ਅਸੀਂ ਵੇਖਾਂਗੇ ਕਿ ਯਿਸੂ ਮਸੀਹ ਪੂਰੀ ਤਰ੍ਹਾਂ ਮਨੁੱਖ ਅਤੇ ਪੂਰੀ ਤਰ੍ਹਾਂ ਪਰਮੇਸ਼ਰ ਸਨ। ਇੱਕ ਵਾਰ ਜਦ ਯਿਸੂ ਮਸੀਹ ਅਤੇ ਪਵਿੱਤਰਤਾਈ ਦੀ ਈਸ਼ਵਰਤਾਈ ਬਹਾਲ ਹੋ ਜਾਏ ਅਤੇ ਉਨ੍ਹਾਂ ਦੀ ਬਰਾਬਰੀ ਜੋ ਕੇ ਪਰਮੇਸ਼ਰ ਦੇ ਨਾਲ ਹੈ, ਤਾਂ ਇਹ ਸਿੱਖਿਆ ਬਹਾਲ ਹੋ ਜਾਵੇਗੀ।

ਪੁਰਾਣੇ ਨੇਮ ਦੇ ਵਿੱਚ ਕਈ ਅਧਿਆਏ ਹਨ ਜੋ ਕਿ ਮਸੀਹ ਦੇ ਬਾਰੇ ਦੇ ਵਿੱਚ ਈਸਵਰੀ ਤਰੀਕੇ ਦੇ ਨਾਲ ਬੋਲਦੇ ਹਨ ਅਤੇ ਉਹ ਭਵਿੱਖਬਾਣੀਆਂ ਨਵੇਂ ਨੇਮ ਤੇ ਯਿਸ਼ੂ ਮਸੀਹ ਤੇ ਲਾਗੂ ਹੁੰਦੀਆਂ ਹਨ।

**ਯਸਾਯਹ ੭:੧੪** "ਪਰ ਪ੍ਭੂ ਆਪ ਤੁਹਾਨੂੰ ਚਿੰਨ੍ਹ ਦੇਵੇਗਾ: ਇਕ ਜਵਾਨ ਔਰਤ ਗਰਵਤੀ ਹੋਵੇਗੀ ਅਤੇ ਪੁੱਤਰ ਨੂੰ ਜਨਮ ਦੇਵੇਗੀ ਅਤੇ ਉਸਦਾ ਨਾਮ ਇਮਾਨੂੰਏਲ ਰੱਖੇਗੀ।"

ਇਹ ਪੂਰਾ ਅਧਿਆਏ ਯਿਸੂ ਮਸੀਹ ਦੇ ਜਨਮ ਦੇ ਉੱਪਰ ਲਾਘੂ ਹੁੰਦਾ ਹੈ। ਉਸ ਨੂੰ ਇੰਮਾਨੂਏਲ ਕਿਹਾ ਗਿਆ, ਇਸ ਲਈ ਨਹੀ ਕਿ ਉਸ

ਨੂੰ ਇਹ ਨਾਮ ਦਿੱਤਾ ਗਿਆ, ਪਰ ਕਿਉਂਕਿ ਇਹ ਉਸਦੇ ਬਾਰੇ ਵਿੱਚ ਸੱਚ ਸੀ, ਕਿਉਂਕਿ ਉਹ ਪਰਮੇਸ਼ਰ ਸੀ ਜੋ ਮਨੁੱਖ ਬਣ ਕੇ ਆਇਆ ਸੀ, ਮਤੀ ਲਿਖਦਾ ਹੈ:

**ਮਤੀ ੧:੨੧:** "ਉਹ ਪੁੱਤਰ ਜਨਮ ਦੇਵੇਗੀ। ਤੂ ਉਸਦਾ ਨਾਮ ਯਿਸੂ ਰਖਣਾ, ਕਿਉਂਕਿ ਉਹ ਆਪਣੇ ਲੋਕਾਂ ਨੂੰ ਉਹਨਾਂ ਦੇ ਪਾਪਾਂ ਤੋਂ ਬਚਾਵੇਗਾ। ਇਹ ਸਭ ਇਸ ਲਈ ਹੋਇਆ ਕਿ ਪ੍ਰਭੂ ਦੇ ਨਬੀ ਦੇ ਦੁਆਰਾ ਕਿਹਾ, ਹੋਇਆ ਬਚਨ ਪੂਰਾ ਹੋਵੇ: "ਇਕ ਕੁਆਰੀ ਗਰਭਵਤੀ ਹੋਵੇਗੀ ਅਤੇ ਪ੍ਰਭੂ ਨੂੰ ਜਨਮ ਦੇਵੇਗੀ, ਉਸ ਦਾ ਨਾਂ 'ਇਮਾਨੁਏਲ' ਰਖਿਆ ਜਾਵੇਗਾ ਜਿਸ ਦਾ ਅਰਥ ਹੈ: 'ਪਰਮੇਸ਼ਰ ਸਾਡੇ ਨਾਲ'।"

ਅਸੀਂ ਯਸਾਯਹ 9:6 ਨੂੰ ਪਹਿਲਾਂ ਹੀ ਵੇਖ ਚੁੱਕੇ ਹਾਂ ਜਿੱਥੇ ਇੱਕ ਬਾਲਕ ਦੀ ਗੱਲ ਹੋ ਰਹੀ ਹੈ ਅਤੇ ਪੁੱਤਰ ਸਾਨੂੰ ਦਿੱਤਾ ਗਿਆ ਹੈ। ਇਹ ਉਸਦੇ ਈਸ਼ਵਰੀ ਸੁਭਾਅ ਅਤੇ ਮਨੁੱਖੀ ਸੁਭਾਅ ਨੂੰ ਵਿਖਾ ਰਿਹਾ ਹੈ ਜਦ ਉਹ ਕੁਆਰੀ ਮਰੀਅਮ ਦੇ ਦੁਆਰਾ ਪੈਦਾ ਹੋਵੇਗਾ।

ਯਸਾਯਹ 6 ਦੇ ਵਿੱਚ ਪਰਮੇਸ਼ਰ ਨੇ ਯਸਾਯਹ ਨਬੀ ਨੂੰ ਦਰਸ਼ਨ ਦਿੱਤੇ ਅਤੇ ਸਾਨੂੰ ਯੂਹੰਨਾਂ ਰਸੂਲ ਦੱਸਦਾ ਹੈ ਕਿ ਇਹ ਯਿਸੂ ਸੀ ਜਿਸ ਨੂੰ ਯਸਾਯਹ ਨੇ ਵੇਖਿਆ:

**ਯੂਹੰਨਾਂ ੧੨:੪੧-੪੨** "ਯਸਾਯਾਹ ਨਬੀ ਨੇ ਇਹ ਕਿਹਾ, ਕਿਉਂਕਿ ਉਸ ਨੇ ਯਿਸੂ ਦੀ ਮਹਿਮਾ ਦੇਖੀ ਅਤੇ ਉਹਨਾਂ ਦੇ ਬਾਰੇ ਬੋਲਿਆ।ਫਿਰ ਵੀ ਬਹੁਤ ਸਾਰੇ ਅਧਿਕਾਰੀਆਂ ਨੇ ਯਿਸੂ ਉਤੇ ਵਿਸ਼ਵਾਸ ਕੀਤਾ, ਪਰ ਫ਼ਰੀਸੀਆਂ ਦੇ ਡਰ ਕਾਰਨ ਸਵੀਕਾਰ ਨਾ ਕੀਤਾ ਕਿ ਕਿਤੇ ਉਹ ਪ੍ਰਾਰਥਨਾ ਘਰ ਵਿਚੋਂ ਛੇਕ ਨਾ ਕਿੱਤੇ ਜਾਣ।"

ਇੱਥੇ ਯੂਹੰਨਾਂ ਯਸਾਯਹ 6 ਦੀ ਪ੍ਰੇਰਿਤ ਵਿਆਖਿਆ ਦੇ ਰਿਹਾ ਹੈ ਅਤੇ ਉਹ ਦੱਸਦਾ ਹੈ ਕਿ ਇਹ ਪੁੱਤਰ ਸੀ ਜਿਸਨੇ ਯਸਾਯਹ ਨੂੰ ਦਰਸ਼ਨ ਦਿੱਤੇ।

ਯਸਾਯਹ 40 ਵਿੱਚ ਸਾਨੂੰ ਯਹੋਵਾਹ ਦੇ ਆਉਣ ਦੇ ਬਾਰੇ ਦੱਸਿਆ ਗਿਆ ਹੈ। ਪਰ ਨਵੇਂ ਨੇਮ ਦੇ ਵਿੱਚ ਇਹ ਯਿਸੂ ਦੇ ਆਉਣ ਦੇ ਬਾਰੇ ਵਿੱਚ ਲਾਗੂ ਕੀਤੀ ਗਈ ਹੈ।
ਹੇਠ ਲਿਖਿਆ ਨੂੰ ਮਿਲਾ ਕੇ ਵੇਖੋ:

**ਯਸਾਯਹ ੪੦:੧–** "ਸੈਨਾਪਤੀ ਨਬੂਜ਼ਰਦਾਨ ਦੇ ਰਾਮਾਹ ਵਿਚ ਮੈਨੂੰ ਛੱਡਣ ਦੇ ਪਿੱਛੋਂ, ਪ੍ਭੂ ਦਾ ਸੰਦੇਸ਼ ਮੈਨੂੰ ਮਿਲਿਆ। ਮੈਂ ਦੂਜਿਆਂ ਲੋਕਾਂ ਦੇ ਨਾਲ ਯਰੂਸ਼ਲਮ ਅਤੇ ਯਹੂਦਾਹ ਤੋਂ ਬੇੜੀਆਂ ਪਾ ਕੇ ਬੰਦੀ ਹਾਲਤ ਵਿਚ ਬਾਬਲ ਨੂੰ ਲੈ ਜਾਇਆ ਗਿਆ ਸਾਂ। ਤਦ ਸੈਨਾਪਤੀ ਮੈਨੂੰ ਇਕ ਪਾਸੇ ਲੈ ਗਿਆ ਅਤੇ ਬੋਲਿਆ, "ਪ੍ਭੂ ਤੇਰੇ ਪਰਮੇਸ਼ਰ ਨੇ ਇਸ ਧਰਤੀ ਦੀ ਤਬਾਹੀ ਬਾਰੇ ਕਿਹਾ ਸੀ, ਅਤੇ ਉਸਨੇ ਆਪਣੇ ਕਹੇ ਅਨੁਸਾਰ ਕਿਤਾ ਹੈ, ਇਸ ਸਭ ਤਬਾਹੀ ਦਾ ਕਾਰਨ, ਤੁਹਾਡੇ ਲੋਕਾਂ ਦੇ ਪ੍ਭੂ ਵਿਰੁੱਧ ਕੀਤੇ ਪਾਪ ਅਤੇ ਅਵੱਗਿਆਕਾਰੀ ਹਨ।"

**ਮਰਕੁਸ ੧:੧–੩** ਯਿਸੂ ਮਸੀਹ, ਪਰਮੇਸ਼ਰ ਦੇ ਪੁੱਤਰ ਦੇ ਸ਼ੁਭ ਸਮਾਚਾਰ ਦੇ ਅਰੰਭ ਬਾਰੇ, ਯਸਾਯਾਹ ਨਬੀ ਦੀ ਪੁਸਤਕ ਵਿਚ ਇਸ ਤਰ੍ਹਾਂ ਲਿਖਿਆਂ ਹੋਇਆ ਹੈ: 'ਦੇਖ ਮੈਂ ਤੇਰੇ ਅੱਗੇ ਅੱਗੇ ਆਪਣੇ ਦੂਤ ਨੂੰ ਘੱਲ ਰਿਹਾ ਹਾਂ, ਜੋ ਤੇਰਾ ਰਾਹ ਤਿਆਰ ਕਰੇਗਾ।" ਬੋਲਨ ਵਾਲਾ ਸੁੰਨਸਾਨ ਥਾਂ ਵਿਚ ਪੁਕਾਰ ਰਿਹਾ ਹੈ: ਪ੍ਭੂ ਦਾ ਰਾਹ ਤਿਆਰ ਕਰੋ। ਉਸ ਦੇ ਰਹਾਂ ਨੂੰ ਸਿੱਧ ਕਰੋ।"

ਯਸਾਯਹ ਦੇ ਵਿੱਚ ਯਹੋਵਾਹ (ਪ੍ਭੂ) ਦੇ ਲਈ ਤਿਆਰੀ ਹੈ ਅਤੇ ਮਰਕੁਸ ਦੇ ਵਿੱਚ ਇਹ ਯਿਸੂ ਮਸੀਹ ਪਰਮੇਸ਼ਰ ਦੇ ਪੁੱਤਰ ਦੇ ਵਿੱਚ ਪੂਰੀ ਹੋ ਰਹੀ ਹੈ। ਇਹ ਫਿਰ ਹੀ ਹੋ ਸਕਦਾ ਹੈ ਜੇਕਰ ਯਿਸੂ ਮਸੀਹ ਪਿਤਾ ਅਤੇ ਪਵਿੱਤਰ ਆਤਮਾ ਦੇ ਨਾਲ ਇੱਕ ਬਰਾਬਰ ਹੈ।

ਆਉ ਅਸੀਂ ਨਵੇਂ ਨੇਮ ਦੇ ਵਿੱਚ ਜਾ ਕੇ ਵੇਖੀਏ ਕਿ ਇੱਥੇ ਯਿਸੂ ਨੂੰ ਕਿਵੇਂ ਬਿਆਨ ਕੀਤਾ ਗਿਆ ਹੈ। ਅਸੀਂ ਮਤੀ ਦੇ ਵਿਚਾਰ ਨੂੰ ਪਹਿਲਾਂ ਹੀ ਵੇਖ ਲਿਆ ਹੈ ਕਿ ਉਹ "ਪਰਮੇਸ਼ਰ ਸਾਡੇ ਸੰਗ"ਹੈ। ਮਰਕੁਸ ਦੀ ਇੰਜੀਲ ਦੇ ਵਿੱਚ ਯੂਹੰਨਾਂ ਬਪਤਿਸਮਾ ਦੇਣ ਵਾਲੇ ਨੂੰ ਪ੍ਭੂ ਦਾ ਰਾਹ

ਤਿਆਰ ਕਰਨ ਦੇ ਬਾਰੇ ਦੱਸਿਆ ਹੈ। ਇਹ ਉਹ ਨਾਮ ਹੈ ਜੋ ਕਿ ਪਰਮੇਸ਼ਰ ਨੇ ਆਪਣੀ ਵਾਚਾ ਦੇ ਵਿੱਚ ਦਿੱਤਾ ਹੈ। ਕੂਚ 3:14 ਇੱਕ ਅੱਗ ਦੀ ਝਾੜੀ ਦੇ ਵਿੱਚ ਦਿੱਤਾ ਹੈ। ਲੂਕਾ ਦੇ ਵਿੱਚ ਅਸੀਂ ਪੜਦੇ ਹਾਂ ਕਿ ਇੱਕ ਬੱਚਾ ਮਰੀਅਮ ਦੇ ਪੈਦਾ ਹੋਵੇਗਾ ਜੋ ਕਿ ਪਰਮੇਸ਼ਰ ਦਾ ਪੁੱਤਰ ਕਹਿਲਾਏਗਾ। (ਲੂਕਾ 1:35) ਜਦ ਮਰੀਅਮ ਆਪਣੀ ਰਿਸ਼ਤੇਦਾਰ ਐਲਿਜਾਬੈਥ ਦੇ ਕੋਲ ਗਈ, ਜੋ ਕਿ ਯੂਹੰਨਾਂ ਬਪਤਿਸਮਾ ਦੇਣ ਵਾਲੇ ਨਾਲ ਗਰਭਵਤੀ ਸੀ, ਬੱਚਾ ਮਰੀਅਮ ਦੇ ਆਉਣ ਤੇ ਉਸਦੇ ਗਰਭ ਵਿੱਚ ਉੱਛਲਿਆ, ਕਿਉਂਕਿ ਪ੍ਰਭੂ ਮਰੀਅਮ ਦੇ ਗਰਭ ਵਿੱਚ ਸੀ। (ਲੂਕਾ 1:43) ਯੂਹੰਨਾਂ ਸਾਨੂੰ ਹੋਰ ਪਿੱਛੇ ਲੈ ਕੇ ਜਾਂਦਾ ਹੈ ਜਦ ਉਹ ਯਿਸੂ ਮਸੀਹ ਦੇ ਬਾਰੇ ਵਿੱਚ ਇਹ ਸ਼ਬਦ ਬੋਲਦਾ ਹੈ:

**ਯੂਹੰਨਾਂ ੧:੧-੩** ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਉਹ ਸ਼ਬਦ ਪਰਮੇਸ਼ਰ ਦੇ ਨਾਲ ਸੀ, ਜੋ ਪਰਮੇਸ਼ਰ ਸੀ, ਉਹ ਹੀ ਸ਼ਬਦ ਸੀ। ਉਹ ਸ਼ੁਰੂ ਤੋਂ ਹੀ ਪਰਮੇਸ਼ਰ ਦੇ ਨਾਲ ਸੀ। ਸਭ ਚੀਜ਼ਾਂ ਦੀ ਰਚਨਾ ਪਰਮੇਸ਼ਰ ਨੇ ਉਸ ਦੇ ਰਾਹੀਂ ਕੀਤੀ। ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਉਸ ਦੇ ਬਿਨਾਂ ਨਾ ਰਚੀ ਗਈ।

ਯੂਹੰਨਾਂ ਇੱਥੇ ਯਿਸੂ ਮਸੀਹ ਦੇ ਬਾਰੇ ਗੱਲ ਕਰਦਿਆਂ ਦੱਸਦਾ ਹੈ ਕਿ ਉਹ ਸ਼ਬਦ ਹੈ ਅਤੇ ਸਭ ਕੁਝ ਉਸ ਦੁਆਰਾ ਰਚਿਆ ਗਿਆ ਹੈ। ਅਤੇ ਸ਼ਬਦ ਪਿਤਾ ਦੇ ਨਾਲ ਬਹੁਤ ਅਨੋਖੇ ਰਿਸ਼ਤੇ ਦੇ ਵਿੱਚ ਰਿਹਾ ਹੈ। ਉਹ ਇਸ ਤਰ੍ਹਾਂ ਨਹੀ ਕਹਿੰਦਾ ਹੈ ਜਿਵੇਂ ਕਈ ਅੱਜ ਸਿਖਾਉਂਦੇ ਹਨ ਕਿ ਉਹ "ਦੇਵਤਾ ਜਾਂ ਛੋਟਾ ਪਰਮੇਸ਼ਰ ਸੀ। ਕਿਉਂਕਿ ਮਸੀਹੀਅਤ ਸਿਰਫ ਇੱਕ ਹੀ ਪਰਮੇਸ਼ਰ ਦੇ ਬਾਰੇ ਜਾਣਦੀ ਹੈ। ਪੁੱਤਰ ਪੂਰੀ ਤਰ੍ਹਾਂ ਪਰਮੇਸ਼ਰ ਹੈ ਅਤੇ ਪਿਤਾ ਪਰਮੇਸ਼ਰ ਹੈ।

ਬਾਅਦ ਵਿੱਚ ਯੂਹੰਨਾਂ ਉਸ ਨੂੰ ਪਰਮੇਸ਼ਰ ਦਾ ਇਕਲੋਤਾ ਪੁੱਤਰ ਦੇ ਤੋਰ ਤੇ ਬਿਆਨ ਕਰਦਾ ਹੈ। (ਯੂਹੰਨਾਂ 1:18) ਬਹੁਤ ਸਾਰੇ ਲੋਕ ਇਸ ਗਲਤੀ ਵਿੱਚ ਪੈ ਜਾਂਦੇ ਹਨ ਕਿ ਜੇਕਰ ਯਿਸੂ ਪਰਮੇਸ਼ਰ ਦਾ ਪੁੱਤਰ ਹੈ ਤਾਂ ਪਰਮੇਸ਼ਰ ਪਹਿਲਾਂ ਸੀ ਅਤੇ ਬਾਅਦ ਵਿੱਚ ਪੁੱਤਰ ਆਇਆ। ਇਸ ਲਈ ਯਿਸੂ ਸਦੀਪਕ ਨਹੀ ਹੋ ਸਕਦਾ, ਜਿਸ ਤਰ੍ਹਾਂ ਪਿਤਾ ਹੈ। ਇਹ

ਮਹੱਤਵਪੂਰਣ ਹੈ ਕਿ ਅਸੀਂ ਇਸ ਗੱਲ ਨੂੰ ਸਮਝੀਏ ਕਿ ਕੋਈ ਵੀ ਸਮਾਂ ਇਹੋ ਜਿਹਾ ਨਹੀ ਸੀ, ਜਦ ਪੁੱਤਰ ਨਹੀ ਸੀ, ਕਿਉਂਕਿ ਯੂਹੰਨਾਂ ਦੱਸਦਾ ਹੈ ਕਿ ਉਹ ਆਦਿ ਤੋਂ ਪਿਤਾ ਦੇ ਨਾਲ ਸੀ। (ਜਿਸਦਾ ਅਰਥ ਹੈ ਸਦੀਪਕ ਕਾਲ ਤੋਂ, ਇਸ ਤੋਂ ਪਹਿਲਾਂ ਕਿ ਕੁਝ ਵੀ ਰਚਿਆ ਗਿਆ) "ਪੈਦਾ ਕਰਨਾ" ਸ਼ਬਦ ਦਾ ਅਰਥ ਹੈ ਕਿ ਪੁੱਤਰ ਦਾ ਉਹ ਹੀ ਸੁਭਾਅ ਹੈ ਜੋ ਕਿ ਪਿਤਾ ਦਾ ਹੈ। ਸੀ ਐੱਸ ਲਿਉਸ ਇੱਕ ਪ੍ਰਸਿੱਧ ਅੰਗਰੇਜੀ ਲਿਖਾਕ ਇਸ ਦਾ ਵਿਸਤਾਰ ਇਸ ਤਰ੍ਹਾਂ ਕਰਦਾ ਹੈ:

> "ਮਸੀਹ ਇਕਲੌਤਾ ਹੈ, ਰਚਿਆ ਨਹੀ ਗਿਆ। ਇਸਦਾ ਕੀ ਅਰਥ ਹੈ? ਅਸੀਂ ਪੈਦਾ ਕਰਨਾ ਸ਼ਬਦ ਅੱਜ ਕੱਲ ਅੰਗਰੇਜੀ ਭਾਸ਼ਾ ਦੇ ਵਿੱਚ ਇਸਤੇਮਾਲ ਨਹੀ ਕੀਤੇ ਜਾਂਦੇ। ਪਰ ਹਰ ਕੋਈ ਜਾਣਦਾ ਹੈ ਕਿ ਇਨ੍ਹਾਂ ਦਾ ਕੀ ਅਰਥ ਹੈ। ਪੈਦਾ ਕਰਨਾ ਦਾ ਅਰਥ ਹੈ ਕਿ ਕਿਸੇ ਦਾ ਪਿਤਾ ਬਣਨਾ: ਰਚਣ ਦਾ ਅਰਥ ਹੈ ਬਣਾਉਣਾ। ਅਤੇ ਅੰਤਰ ਇਹ ਹੈ। ਜਦ ਤੁਸੀ ਕਿਸੇ ਨੂੰ ਪੈਦਾ ਕਰਦੇ ਹੋ ਤਾਂ ਤੁਸੀ ਕਿਸੇ ਨੂੰ ਆਪਣੇ ਵਰਗਾ ਹੀ ਪੈਦਾ ਕਰਦੇ ਹੋ। ਇੱਕ ਆਦਮੀ ਮਨੁੱਖੀ ਬੱਚਿਆਂ ਨੂੰ ਪੈਦਾ ਕਰਦਾ ਹੈ। ਇਕ ਮੱਖੀ ਆਪਣੇ ਵਰਗੀ ਹੀ ਮੱਖੀ ਪੈਦਾ ਕਰਦੀ ਹੈ। ਅਤੇ ਇੱਕ ਪੰਛੀ ਉਨ੍ਹਾਂ ਆਂਡਿਆਂ ਨੂੰ ਹੀ ਪੈਦਾ ਕਰਦਾ ਹੈ ਜੋ ਕਿ ਛੋਟੇ ਪੰਛੀ ਬਣਨਗੇ। ਪਰ ਜਦ ਤੁਸੀਂ ਬਣਾਉਂਦੇ ਹੋ ਤਾਂ ਤੁਸੀਂ ਆਪਣੇ ਤੋਂ ਅਲੱਗ ਬਣਾਉਂਦੇ ਹੋ। ਇੱਕ ਪੰਛੀ ਆਲਣਾ ਬਣਾਉਂਦਾ ਹੈ, ਇੱਕ ਆਦਮੀ ਤਾਰ ਰਹਿਤ ਫੋਨ ਬਣਾਉਂਦਾ ਹੈ; ਜਾਂ ਕਹੋ ਕਿ ਇੱਕ ਬੁੱਤ ਬਣਾਉਂਦਾ ਹੈ। ਜੇਕਰ ਉਹ ਬਹੁਤ ਹੀ ਹੁਸ਼ਿਆਰ ਹੈ ਤਾਂ ਉਹ ਇੱਕ ਬੁੱਤ ਬਣਾਵੇਗਾ ਜੋ ਕਿ ਬਹੁਤ ਜਿਆਦਾ ਆਦਮੀ ਦੀ ਤਰ੍ਹਾਂ ਲੱਗੇਗਾ। ਪਰ ਉਹ ਅਸਲ ਦੇ ਵਿੱਚ ਆਦਮੀ ਨਹੀ ਹੈ। ਇਹ ਸਿਰਫ ਇੱਕ ਆਦਮੀ ਦੀ ਤਰ੍ਹਾਂ ਨਜ਼ਰ ਆਉਂਦਾ ਹੈ। ਇਹ ਸਾਹ ਨਹੀ ਲੈ ਸਕਦਾ ਹੈ, ਜਾਂ ਸੋਚ ਨਹੀ ਸਕਦਾ ਹੈ ਅਤੇ ਇਹ ਜਿਉਂਦਾ ਨਹੀ ਹੈ।

> ਹੁਣ ਇਹ ਪਹਿਲੀ ਗੱਲ ਹੈ ਜੋ ਸਾਫ ਹੋਣੀ ਚਾਹੀਦੀ ਹੈ। ਜੋ ਪਰਮੇਸ਼ਰ ਪੈਦਾ ਕਰਦਾ ਹੈ, ਉਹ ਪਰਮੇਸ਼ਰ ਹੈ। ਜਿਵੇਂ ਜੋ ਮਨੁੱਖ ਪੈਦਾ ਕਰਦਾ ਹੈ ਉਹ ਮਨੁੱਖ ਹੈ। ਜੋ ਪਰਮੇਸ਼ਰ ਬਣਾਉਂਦਾ ਜਾਂ ਰਚਦਾ ਹੈ ਉਹ ਪਰਮੇਸ਼ਰ ਨਹੀ ਹੈ; ਜਿਵੇਂ ਕਿ ਜੋ ਮਨੁੱਖ ਬਣਾਉਂਦਾ ਜਾਂ ਰਚਦਾ ਹੈ ਉਹ ਮਨੁੱਖ ਨਹੀ ਹੈ। ਇਸੇ ਕਰਕੇ ਆਦਮੀ ਪਰਮੇਸ਼ਰ ਦੇ ਪੁੱਤਰ ਉਸ ਤਰੀਕੇ ਨਾਲ ਨਹੀ ਹਨ ਜਿਸ ਤਰੀਕੇ ਨਾਲ ਯਿਸੂ ਮਸੀਹ ਹੈ। ਉਹ ਹੋ ਸਕਦਾ ਹੈ ਬਹੁਤ ਸਾਰੇ ਤਰੀਕੀਆਂ ਦੇ ਨਾਲ ਪਰਮੇਸ਼ਰ ਵਰਗੇ ਹੋਣ, ਪਰ ਉਹ ਉਹੋ ਜਿਹੇ ਨਹੀ ਹਨ। ਉਹ ਪਰਮੇਸ਼ਰ ਦੇ ਬੁੱਤ ਜਾਂ ਤਸਵੀਰਾਂ ਹੋ ਸਕਦੇ ਹਨ। 5

ਇਹ ਧਰਤੀ ਦੇ ਸਬੰਧਾਂ ਦੇ ਸੱਚ ਹਨ ਕਿ ਪੁੱਤਰ ਹਮੇਸ਼ਾਂ ਪਿਤਾ ਤੋਂ ਬਾਅਦ ਵਿੱਚ ਹੀ ਆਵੇਗਾ, ਪਰ ਇਹ ਗੱਲ ਪਰਮੇਸ਼ਰ ਦੇ ਪੁੱਤਰ ਉੱਪਰ ਲਾਗੂ ਨਹੀ ਹੋ ਸਕਦੀ। ਉਹ ਹਮੇਸ਼ਾਂ ਤੋਂ ਪਿਤਾ ਦੇ ਨਾਲ ਸੀ। ਪੁੱਤਰ ਤੋਂ ਬਿਨਾਂ ਪਿਤਾ ਪਰਮੇਸ਼ਰ ਦਾ ਕੋਈ ਅਰਥ ਨਹੀ ਹੈ। ਅਸਲ ਵਿੱਚ ਯਸਾਯਹ 9:6 ਦੇ ਵਿੱਚ ਯਿਸੂ ਨੂੰ "ਸਦੀਪਕ ਪਿਤਾ" ਅਤੇ "ਸਰਬਸ਼ਕਤੀਮਾਨ ਪਰਮੇਸ਼ਰ" ਵੀ ਕਿਹਾ ਗਿਆ ਹੈ। ਉਹ ਪਿਤਾ ਦੇ ਨਾਲ ਪੁੱਤਰ ਦਾ ਸਿੱਧ ਰਿਸ਼ਤਾ ਹੈ ਕਿਉਂਕਿ ਇਹੋ ਜਿਹਾ ਕੋਈ ਸਮਾਂ ਨਹੀ ਸੀ ਜਦ ਉਸ ਨੇ ਪਿਤਾ ਨੂੰ ਨਹੀ ਜਾਣਿਆ ਸੀ। ਮਨੁੱਖੀ ਰਿਸ਼ਤਿਆਂ ਦੇ ਵਿੱਚ ਇਹੋ ਜਿਹੀਆਂ ਕਈ ਚੀਜਾਂ ਹਨ ਜੋ ਕਿ ਪੁੱਤਰ ਨਹੀ ਜਾਣਦਾ ਹੈ ਕਿਉਂਕਿ ਇੱਕ ਸਮਾਂ ਸੀ ਜਦ ਉਹ ਹੋਂਦ ਵਿੱਚ ਨਹੀ ਸੀ। ਕਿਉਂਕਿ ਯਿਸੂ ਪਰਮੇਸ਼ਰ ਦਾ ਪੁੱਤਰ ਹਮੇਸ਼ਾਂ ਤੋਂ ਹੋਂਦ ਵਿੱਚ ਸੀ, ਇਸ ਲਈ ਉਹ ਪਿਤਾ ਨੂੰ ਪੂਰੀ ਤਰਾਂ ਜਾਣ ਸਕਦਾ ਹੈ। ਬਹੁਤ ਸਾਰੀਆਂ ਥਾਵਾਂ ਹਨ ਜਿੱਥੇ ਯਿਸੂ ਨੂੰ ਪਰਮੇਸ਼ਰ ਕਿਹਾ ਗਿਆ:

**ਯੂਹੰਨਾਂ ੧:੧** ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਉਹ ਸ਼ਬਦ ਪਰਮੇਸ਼ਰ ਦੇ ਨਾਲ ਸੀ, ਜੋ ਪਰਮੇਸ਼ਰ ਸੀ, ਉਹ ਹੀ ਸ਼ਬਦ ਸੀ।

**ਯੂਹੰਨਾਂ ੨੦:੨੮:** "ਥੋਮਾ ਤੁਰੰਤ ਬੋਲ ਉਠਿਆ 'ਮੇਰੇ ਪ੍ਰਭੂ, ਮੇਰੇ ਪਰਮੇਸ਼ਰ!'।"

**ਰੋਮ ੯:੫** "ਉਹਨਾਂ ਦੇ ਹੀ ਆਦਿ ਪੁਰਖੇ ਸਨ ਅਤੇ ਮਸੀਹ ਦਾ ਵੀ ਸਰੀਰਕ ਤੌਰ ਤੇ ਇਹਨਾਂ ਨਾਲ ਹੀ ਸੰਬੰਧ ਹੈ। ਪਰਮੇਸ਼ਰ ਦੀ ਛਤ੍ਰ ਛਾਇਆ ਹੇਠ ਸਭ ਹਨ। ਉਸ ਦੀ ਮਹਿਮਾ ਅਨੰਤ ਕਾਲ ਤਕ ਹੋਵੇ। ਅਮੀਨ!"

**ਫਿਲਿਪੀਆਂ ੨:੬** "ਉਹ ਆਦਿ ਤੋਂ ਹੀ ਪਰਮੇਸ਼ਰ ਦਾ ਸਰੂਪ ਸੀ, ਪਰ ਫਿਰ ਵੀ ਉਸਨੇ ਆਪਣੇ ਆਪ ਨੂੰ ਬਲ ਪੂਰਵਕ ਪਰਮੇਸ਼ਰ ਨਾ ਸਮਝਣਾ ਚਾਹਾ।

**ਤੀਤਸ ੨:੧੩** ਜਦੋਂ ਕਿ ਅਸੀਂ ਉਸ ਮੁਬਾਰਕ ਉਮੀਦ ਦੇ ਪੂਰੇ ਹੋਣ ਦੀ ਉਡੀਕ ਵਿਚ ਹਾਂ। ਉਸ ਸਮੇਂ ਸਾਡੇ ਮਹਾਨ ਪਰਮੇਸ਼ਰ ਅਤੇ ਮੁਕਤੀਦਾਤਾ ਯਿਸੂ ਮਸੀਹ ਦੀ ਮਹਿਮਾ ਇਕ ਵਾਰ ਫਿਰ ਪ੍ਗਟ ਹੋਵੇਗੀ।

**੧ ਯੂਹੰਨਾਂ ੫:੨੦** "ਅਸੀਂ ਜਾਣਦੇ ਹਾਂ ਕਿ ਪਰਮੇਸ਼ਰ ਦਾ ਪੁੱਤਰ ਆ ਚੁਕਾ ਹੈ ਅਤੇ ਉਸ ਨੇ ਸਾਨੂੰ ਸਮਝ ਦਿੱਤੀ ਹੈ ਕਿ ਅਸੀਂ ਉਸ ਨੂੰ ਜਾਣੀਏ ਜੋ ਸੱਚਾ ਪਰਮੇਸ਼ਰ ਹੈ। ਅਸੀਂ ਸੱਚੇ ਪਰਮੇਸ਼ਰ ਦੀ ਸੰਗਤ ਵਿਚ ਹੀ ਜੀਵਨ ਗੁਜ਼ਾਰ ਰਹੇ ਹਾਂ, ਕਿਉਂਕਿ ਅਸੀਂ ਉਸ ਦੇ ਪੁੱਤਰ ਯਿਸੂ ਮਸੀਹ ਦੀ ਸੰਗ ਤ ਵਿਚ ਹਾਂ। ਇਹ ਹੀ ਸੱਚਾ ਪਰਮੇਸ਼ਰ ਹੈ ਅਤੇ ਇਹ ਹੀ ਅਨੰਤ ਜੀਵਨ ਹੈ।"

ਉਸ ਨੂੰ ਈਸਵਰੀ ਗੁਣ ਦਿੱਤੇ ਗਏ ਹਨ ਜੋ ਕਿ ਸਿਰਫ ਪਰਮੇਸ਼ਰ ਦੇ ਵਿਖੇ ਸੱਚੇ ਹਨ ਅਤੇ ਉਸਦੇ ਈਸਵਰੀ ਸੁਭਾਅ ਦੇ ਵਿਖੇ ਹਨ। ਉਸ ਨੂੰ **ਸਰਬਵਿਆਪੀ** ਕਿਹਾ ਗਿਆ ਹੈ। ਅਤੇ ਇਹ ਵੀ ਸਿਰਫ ਪਰਮੇਸ਼ਰ ਦੇ ਵਿਖੇ ਹੀ ਸੱਚਾ ਹੈ ਅਤੇ ਕਿਸੇ ਹੋਰ ਰਚਨਾ ਦੀ ਵਸਤੂ ਦੇ ਵਿਖੇ ਸੱਚਾ ਨਹੀ ਹੈ ਭਾਵੇਂ ਕਿ ਉਹ ਕਿੰਨੀ ਵੀ ਤਾਕਤਵਰ ਹੋਵੇ।

**ਮਤੀ ੧੮:੨੦** ਜਿੱਥੇ ਦੋ ਜਾਂ ਤਿੰਨ ਮੇਰੇ ਨਾਂ ਤੇ ਇਕੱਠੇ ਹੁੰਦੇ ਹਨ, ਉਥੇ ਮੈਂ ਵੀ ਉਹਨਾਂ ਦੇ ਨਾਲ ਹੁੰਦਾ ਹਾਂ।"

**ਮਤੀ ੨੮:੨੦** ਉਨ੍ਹਾਂ ਨੂ ਇਸ ਸਭ ਦੀ ਜੋ ਮੈਂ ਤੁਹਾਨੂੰ ਮੈਂ ਹੁਕਮ ਦਿੱਤਾ ਹੈ, ਪਾਲਨਾ ਕਰਨੀ ਸਿਖਾਓ। ਦੇਖੋ ਮੈਂ ਤੁਹਾਡੇ ਨਾਲ ਹਮੇਸ਼ਾ ਤਕ ਹਾਂ, ਇਥੇ ਤਕ ਕਿ ਜੁਗਾਂ ਦੇ ਅੰਤ ਤਕ।"

**ਯੂਹੰਨਾਂ ੩:੧੩** ਸੁਰਗ ਨੂੰ ਕੋਈ ਨਹੀ ਚੜਿਆ ਅਰਥਾਤ ਉਹ ਜੋ ਸੁਰਗ ਤੋਂ ਉੱਤਰਿਆ ਅਰਥਾਤ ਪਰਮੇਸ਼ਰ ਦਾ ਪੁੱਤਰ ਜੇਹੜਾ ਸੁਰਗ ਵਿਚ ਇਸ ਵੇਲੇ ਵੀ ਹੈ (ਯੁਨਾਨੀ ਅਨੁਵਾਦ)।

ਧਿਆਨ ਦਿਉ ਕਿ ਯੂਹੰਨਾਂ 3:13 ਦੇ ਵਿੱਚ ਯਿਸੂ ਵਰਤਮਾਨ ਕਾਲ ਦਾ ਪ੍ਰਯੋਗ ਕਰਦੇ ਹਨ "ਜੋ ਕਿ" ਕੁਝ ਸਮੇਂ ਵਾਸਤੇ ਧਰਤੀ ਤੇ ਸੀ ਉਹ ਸਵਰਗ ਦੇ ਵਿੱਚ ਪਰਮੇਸ਼ਰ ਸੀ। ਅਸੀਂ ਇਸ ਗੱਲ ਨੂੰ ਸਮਝ ਨਹੀ ਪਾਉਂਦੇ ਪਰ ਇਹ ਸੱਚ ਹੈ ਕਿਉਂਕਿ ਉਹ ਪਰਮੇਸ਼ਰ ਹੈ।

**ਪ੍ਰਕਾਸ਼ ਦੀ ਪੋਥੀ ੧:੮** "ਪ੍ਰਭੂ ਪਰਮੇਸ਼ਰ ਦਾ ਵਚਨ ਹੈ: "ਮੈਂ ਆਦਿ ਅਤੇ ਅੰਤ ਹਾਂ। ਮੈਂ ਸਰਵ-ਸ਼ਕਤੀਮਾਨ ਹਾਂ,

ਜੋ ਹੈ ਅਤੇ ਹੈ ਵੀ ਸੀ ਅਤੇ ਜੋ ਆ ਰਿਹਾ ਹਾਂ।"

ਯਿਸੂ ਆਪਣੇ ਈਸ਼ਵਰੀ ਸੁਭਾਅ ਦੇ ਅਨੁਸਾਰ **ਸਦੀਪਕ** ਹੈ। ਅਸੀਂ ਪਹਿਲਾਂ ਹੀ ਯੂਹੰਨਾਂ ਦੀ ਇੰਜੀਲ ਦੇ ਸ਼ੁਰੂ ਦੇ ਸ਼ਬਦਾਂ ਨੂੰ ਪੜ ਚੁੱਕੇ ਹਾਂ ਜਿੱਥੇ ਇਹ ਕਿਹਾ ਗਿਆ ਹੈ ਕਿ ਉਹ ਆਦਿ ਤੋਂ ਪਰਮੇਸ਼ਰ ਦੇ ਨਾਲ ਹੈ। ਇਸ ਤੋਂ ਪਹਿਲਾਂ ਕਿ ਕੁਝ ਵੀ ਰਚਿਆ ਗਿਆ। ਯੂਹੰਨਾਂ 8 ਦੇ ਵਿੱਚ ਅਸੀਂ ਯਿਸੂ ਦੀ ਗੱਲਬਾਤ ਜੋ ਕਿ ਯਹੂਦੀਆਂ ਦੇ
ਨਾਲ ਹੋਈ ਜਿੱਥੇ ਉਸ ਨੇ ਕਿਹਾ ਕਿ ਅਬਰਾਹਾਮ ਨੇ ਉਸਦੇ ਦਿਨ ਨੂੰ ਵੇਖਿਆ। ਫਿਰ ਅਸੀਂ ਪੜਦੇ ਹਾਂ:

**ਯੂਹੰਨਾਂ ੮:੫੭,੫੮** "ਯਹੂਦੀਆਂ ਨੇ ਯਿਸੂ ਨੂੰ ਕਿਹਾ, "ਤੂੰ ਤਾਂ ਅਜੇ ਪੰਜਾਹ ਸਾਲਾਂ ਦੇ ਵੀ ਨਹੀਂ ਹੋਇਆ। ਫ਼ਿਰ ਕੀ ਤੂੰ ਅਬਰਾਹਾਮ ਨੂੰ ਦੇਖਿਆ ਹੈ?" ਯਿਸੂ ਨੇ ਉਹਨਾਂ ਨੂੰ ਕਿਹਾ, "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਅਬਰਾਹਾਮ ਦੇ ਪੈਦਾ ਹੋਣ ਤੋਂ ਪਹਿਲਾਂ ਮੈਂ ਹਾਂ।"

ਯਿਸੂ ਇੱਥੇ ਸਿਰਫ ਆਪਣੀ ਪਹਿਲਾਂ ਤੋਂ ਹੋਂਦ ਦੇ ਬਾਰੇ ਨਹੀ ਦੱਸ ਰਹੇ ਹਨ, ਪਰ ਉਹ ਆਪਣੇ ਈਸ਼ਵਰੀ ਨਾਮ ਨੂੰ ਦੱਸ ਰਹੇ ਹਨ ਜੋ ਕਿ

ਪਰਮੇਸ਼ਰ ਨੇ ਮੂਸਾ ਨੂੰ ਜੱਲਦੀ ਹੋਈ ਝਾੜੀ ਦੇ ਵਿੱਚ ਦਿੱਤਾ ਸੀ। ਉਹ ਕਹਿ ਰਿਹਾ ਹੈ, ਮੈਂ ਹਾਂ, ਜਿਸਦਾ ਇਬਰਾਨੀ ਭਾਸ਼ਾ ਵਿੱਚ ਅਰਥ ਹੈ, ਯਹੋਵਾਹ, ਸਦੀਪਕ ਮੈਂ ਹਾਂ।

ਯਿਸੂ ਨੇ ਆਪਣੇ ਈਸ਼ਵਰੀ ਸੁਭਾਅ ਬਾਰੇ ਇਹ ਵੀ ਕਿਹਾ ਕਿ ਉਹ ਨਾ ਬਦਲਣ ਵਾਲਾ ਹੈ। ਅਸੀਂ ਉਸਦੇ ਮਨੁੱਖੀ ਸੁਭਾਅ ਬਾਰੇ ਪੜਦੇ ਹਾਂ:

**ਲੂਕਾ ੨:੫੨** "ਯਿਸੂ ਸਰੀਰ ਅਤੇ ਬੁੱਧ ਵਿਚ ਵੱਧਦੇ ਗਏ। ਉਹ ਪਰਮੇਸ਼ਰ ਅਤੇ ਆਦਮੀਆਂ ਦੇ ਪਿਆਰ ਵਿਚ ਵੀ ਵੱਧਤੇ ਗਏ।"

ਉਸਦਾ ਈਸ਼ਵਰੀ ਸੁਭਾਅ ਨਾ ਬਦਲਣ ਵਾਲਾ ਹੈ, ਜਿਵੇਂ ਕਿ ਹੇਠ ਲਿਖੇ ਪਦ ਦਿਖਾਉਂਦੇ ਹਨ:

**ਇਬਰਾਨੀਆਂ ੧:੧੦-੧੨** "ਉਹ ਫਿਰ ਕਹਿੰਦਾ ਹੈ: "ਹੇ ਪ੍ਰਭੂ ਸ਼ੁਰੂ ਤੋਂ ਹੀ ਧਰਤੀ ਦੀ ਨੀਂਹ ਤੂੰ ਹੀ ਰੱਖੀ ਹੈ, ਤੇਰੇ ਹੀ ਹੱਥਾ ਦੁਆਰਾ ਅਕਾਸ਼ ਦੀ ਰਚਨਾ ਹੋਈ ਹੈ। ਉਹ ਖ਼ਤਮ ਹੋ ਜਾਣਗੇ, ਪਰ ਤੂੰ ਅਟਲ ਰਹੇਗਾ, ਉਹ ਕਪੜੇ ਦੀ ਤਰ੍ਹਾਂ ਪੁਰਾਨੇ ਹੋ ਜਾਣਗੇ। ਤੂੰ ਉਹਨਾਂ ਨੂੰ ਵਿਛਾਉਣੇ ਦੀ ਤਰ੍ਹਾਂ ਇਕੱਠੇ ਕਰ ਦੇਵੇਂਗਾ, ਉਹ ਕਪੜੇ ਦੀ ਤਰਾਂ ਬਲਦ ਜਾਣਗੇ, ਪਰ ਤੂੰ ਹਮੇਸ਼ਾ ਇਕੋ ਜਿਹਾ ਰਹੇਗਾ, ਤੂ ਕਦੀ ਵੀ ਨਹੀਂ ਮਰੇਗਾ।"

**ਇਬਰਾਨੀਆਂ ੧੩:੮** ਯਿਸੂ ਮਸੀਹ ਕੱਲ, ਅੱਜ ਅਤੇ ਹਮੇਸ਼ਾ ਇਕੋ ਹੀ ਜਿਹਾ ਹੈ।"

ਮੈਂ ਇਹ ਨਹੀ ਸੁਝਾਅ ਦੇ ਰਿਹਾ ਕਿ ਯਿਸੂ ਮਸੀਹ ਦੋ ਵਿਅਕਤੀ ਹਨ। ਨਹੀ ਉਹ ਇੱਕ ਹੈ ਪਰ ਉਸਦੇ ਅੰਦਰ ਦੋ ਸੁਭਾਅ ਹਨ। ਜੋ ਇੱਕ ਸੁਭਾਅ ਦੇ ਬਾਰੇ ਕਿਹਾ ਜਾ ਸਕਦਾ ਹੈ ਉਹ ਪੂਰੇ ਵਿਅਕਤੀ ਦੇ ਉੱਪਰ ਲਾਗੂ ਕੀਤਾ ਜਾ ਸਕਦਾ ਹੈ। ਯਿਸੂ ਕੱਲ, ਅੱਜ ਅਤੇ ਜੁੱਗੋ ਜੁੱਗ ਇੱਕੋ ਜਿਹਾ ਹੈ, ਹਾਲਾਂਕਿ ਇਹ ਸਿਰਫ ਉਸਦੇ ਈਸਵਰੀ ਸੁਭਾਅ ਦੇ ਬਾਰੇ ਹੀ ਸੱਚ ਹੈ। ਹਰ ਇੱਕ ਸਿੱਧਤਾ ਪਰਮੇਸ਼ਰ ਦੀ ਹੈ।

**ਕੁਲਸੀਆਂ ੨:੯** "ਮਸੀਹ ਵਿਚ ਪਰਮੇਸ਼ਰ ਨੇ ਆਪਣੀ ਸਾਰੀ ਭਰਪੂਰੀ ਨਾਲ ਸਰੀਰਕ ਤੌਰ ਤੇ ਵਾਸ ਕੀਤਾ ਹੈ।"

ਯਿਸੂ ਸਭ ਚੀਜਾਂ ਦਾ **ਕਰਤਾ** ਵੀ ਹੈ।

**ਯੂਹੰਨਾਂ ੧:੩** "ਸਭ ਚੀਜ਼ਾਂ ਦੀ ਰਚਨਾ ਪਰਮੇਸ਼ਰ ਨੇ ਉਸ ਦੇ ਰਾਹੀਂ ਕੀਤੀ। ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਉਸ ਦੇ ਬਿਨਾਂ ਨਾ ਰਚੀ ਗਈ।"

**ਕੁਲਸੀਆਂ ੧:੧੬** "ਉਸੇ ਦੇ ਰਾਹੀਂ ਹੀ ਪਰਮੇਸ਼ਰ ਨੇ ਅਕਾਸ਼ ਅਤੇ ਧਰਤੀ ਉਤਲੀਆਂ ਸਭ ਦੇਖੀਆਂ ਅਤੇ ਅਨਦੇਖੀਆਂ ਚੀਜ਼ਾਂ ਦੀ ਰਚਨਾ ਕੀਤੀ ਸੀ। ਗੱਲ ਕੀ ਸਭ ਸਿੰਘਾਸਣ, ਪਾਤਸ਼ਾਹੀਆਂ, ਰਾਜੇ-ਮਹਾਰਾਜੇ ਅਤੇ ਸ਼ਕਤੀਆਂ - ਸਭ ਕੁਝ ਉਸੇ ਦੇ ਦੁਆਰਾ ਅਤੇ ਉਸ ਲਈ ਪਰਮੇਸ਼ਰ ਨੇ ਪੈਦਾ ਕੀਤੇ ਸਨ।"

**ਇਬਰਾਨੀਆਂ ੧:੨** "ਪਰ ਇਨ੍ਹਾਂ ਅੰਤਿਮ ਦਿਨਾਂ ਵਿਚ ਉਹ ਸਾਡੇ ਨਾਲ ਆਪਣੇ ਪੁੱਤਰ ਦੇ ਰਾਹੀਂ ਬੋਲਿਆ ਹੈ, ਜਿਸਨੂੰ ਉਸਨੇ ਸਾਰੇ ਸੰਸਾਰ ਦਾ ਉੱਤਰਾਧਿਕਾਰੀ ਠਹਿਰਾਇਆ ਹੈ ਅਤੇ ਜਿਸ ਦੀ ਮਹਿਮਾ ਦੇ ਦੁਆਰਾ ਉਸ ਨੇ ਸਾਰੀ ਸ੍ਰਿਸ਼ਟੀ ਰਚਨਾ ਵੀ ਕੀਤੀ ਸੀ।"

ਯਿਸੂ ਹੈ ਜੋ ਸੰਸਾਰ ਨੂੰ **ਸਭਾਲਦਾ** ਹੈ

**ਯੂਹੰਨਾਂ ੩:੩੫** "ਪਿਤਾ ਪੁੱਤਰ ਨੂੰ ਪਿਆਰ ਕਰਦਾ ਹੈ, ਇਸ ਲਈ ਸਭ ਕੁਝ ਉਸ ਨੇ ਪੁੱਤਰ ਦੇ ਹੱਥਾਂ ਵਿਚ ਦੇ ਦਿੱਤਾ ਹੈ।"

**ਯੂਹੰਨਾਂ ੧੭:੨** "ਤੂੰ ਉਸ ਨੂੰ ਸਾਰਿਆਂ ਪ੍ਰਾਣਿਆ ਉਤੇ ਅਧਿਕਾਰ ਦਿਤਾ ਹੈ, ਤਾ ਜੋ ਉਹ ਉਹਨਾਂ ਸਾਰੀਆ ਨੂੰ ਅਨੰਤ ਜੀਵਣ ਦੇਵੇ, ਜਿਨ੍ਹਾਂ ਨੂੰ ਤੂੰ ਉਸ ਨੂੰ ਦਿੱਤਾ ਹੈ।"

**ਅਫਸੀਆਂ ੧:੨੨** "ਪਰਮੇਸ਼ਰ ਨੇ ਉਸ ਦੇ ਪੈਰਾਂ ਹੇਠ ਸਭ ਚੀਜ਼ਾਂ ਕਰ ਦਿੱਤੀਆਂ ਹਨ ਅਤੇ ਵਿਸ਼ਵਾਸ ਸੰਗਤ ਨੂੰ ਸਰਤਾਜ ਦੇ ਰੂਪ ਵਿਚ ਉਸ ਨੂੰ ਦਿੱਤਾ ਹੈ।"

ਯਿਸੂ ਦੇ ਕੋਲ ਪਾਪ ਮਾਫ ਕਰਨ ਦਾ ਹੱਕ ਹੈ। ਪਾਪ ਅਖੀਰ ਦੇ ਵਿੱਚ ਪਰਮੇਸ਼ਰ ਦੇ ਵਿਰੋਧ ਵਿੱਚ ਹੈ, ਕਿਉਂਕਿ ਮਨੁੱਖ ਉਸਦੇ ਕਨੂੰਨਾਂ ਨੂੰ ਤੋੜਦਾ ਹੈ। ਇਸ ਲਈ ਸਿਰਫ ਪਰਮੇਸ਼ਰ ਹੀ ਪਾਪ ਮਾਫ ਕਰ ਸਕਦਾ ਹੈ। (ਵੇਖੋ ਯਸਾਯਹ 43:25,44:22) ਸਾਡੇ ਕੋਲ ਇਹ ਲਿਖਿਆ ਹੋਇਆ ਹੈ।

**ਮਰਕੁਸ ੨:੩-੧੨** ਇੱਕ ਅਧਰੰਗੀ ਨੂੰ ਚੋਹੂੰ ਮਨੁੱਖਾਂ ਕੋਲੋ ਚੁਕਵਾ ਕੇ ਉਹ ਦੇ ਕੋਲ ਲਿਆਏ। ਅਰ ਜਾਂ ਉਹ ਭੀੜ ਦੇ ਕਰ ਕੇ ਉਹ ਦੇ ਨੇੜੇ ਨਾ ਆ ਸਕੇ ਤਾਂ ਉਨ੍ਹਾਂ ਨੇ ਉਸ ਛੱਤ ਵਿੱਚ ਜਿਸ ਹੇਠਾਂ ਉਹ ਸੀ, ਮੋਘ ਕੀਤਾ ਅਤੇਟ ਜਾਂ ਉਸ ਨੂੰ ਉਧੇੜਿਆ ਤਾਂ ਉਸ ਮੰਜੀ ਨੂੰ ਜਿਸ ਉੱਤੇ ਉਹ ਅਧਰੰਗੀ ਪਿਆ ਸੀ ਉਤਾਰ ਦਿੱਤਾ। ਅਤੇ ਯਿਸੂ ਨੇ ਉਨ੍ਹਾਂ ਦੀ ਨਿਹਚਾ ਵੇਖ ਕੇ ਉਸ ਅਧਰੰਗੀ ਨੂੰ ਕਿਹਾ, ਹੇ ਪੁੱਤਰ ਤੇਰੇ ਪਾਪ ਮਾਫ ਹੋਏ। ਪਰ ਕਈ ਗ੍ਰੰਥੀ ਉੱਥੇ ਬੈਠੇ ਆਪਣੇ ਮਨਾਂ ਵਿੱਚ ਵਿਚਾਰ ਕਰਨ ਲੱਗੇ। ਭਈ ਇਹ ਕਿਉਂ ਇਸ ਤਰ੍ਹਾ ਬੋਲਦਾ ਹੈ? ਇਹ ਕੁਫਰ ਬਕਦਾ ਹੈ। ਇੱਕ ਪਰਮੇਸ਼ਰ ਦੇ ਬਿਨਾਂ ਹੋਰ ਕੌਣ ਪਾਪ ਮਾਫ ਕਰ ਸਕਦਾ ਹੈ? ਅਤੇ ਉਵੇਂ ਯਿਸੂ ਨੇ ਆਪਣੇ ਆਤਮਾ ਵਿੱਚ ਜਾਣ ਕੇ ਕਿ ਉਹ ਆਪਣੇ ਮੰਨਾਂ ਵਿੱਚ ਇਉਂ ਵਿਚਾਰ ਕਰਦੇ ਹਨ ਉਨ੍ਹਾਂ ਨੂੰ ਕਿਹਾ, ਤੁਸੀਂ ਕਾਹ ਨੂੰ ਆਪਣੇ ਮਨਾਂ ਵਿੱਚ ਅਜੇਹੇ ਵਿਚਾਰ ਕਰਦੇ ਹੋ? ਕਿਹੜੀ ਗੱਲ ਸੁਖਾਲੀ ਹੈ ਇਸ ਅਧਰੰਗੀ ਨੂੰ ਇਹ ਕਹਿਣਾ ਕਿ ਜੋ ਤੇਰੇ ਪਾਪ ਮਾਫ ਹੋਏ ਯਾ ਇਹ ਕਹਿਣਾ ਕਿ ਉੱਠ ਅਤੇ ਆਪਣੀ ਮੰਜੀ ਚੁੱਕ ਅਤੇ ਤੁਰ। ਪਰ ਇਸ ਲਈ ਜੋ ਤੁਸੀ ਇਹ ਜਾਣੋ ਭਈ ਮਨੁੱਖ ਦੇ ਪੁੱਤਰ ਨੂੰ ਧਰਤੀ ਦੇ ਉੱਪਰ ਪਾਪ ਮਾਫ ਕਰਨ ਦਾ ਇਖਤਿਆਰ ਹੈ, ਉਹ ਨੇ ਅਧਰੰਗੀ ਨੂੰ ਕਿਹਾ, ਮੈਂ ਤੈਨੂੰ ਕਹਿੰਦਾ ਹਾਂ, ਆਪਣੀ ਮੰਜੀ ਚੁੱਕ ਕੇ ਘਰ ਚਲਿਆ ਜਾਹ। ਤਾਂ ਉਹ ਉੱਠਿਆ ਅਰ ਝੱਟ ਮੰਜੀ ਚੁੱਕ ਕੇ ਉਨ੍ਹਾਂ ਸਭਨਾਂ ਦੇ ਸਾਮ੍ਹਣੇ ਨਿਕਲ ਗਿਆ। ਤਦ ਉਹ ਸਭ ਦੰਗ ਰਹਿ ਗਏ ਅਤੇ ਇਹ

ਕਹਿ ਕੇ ਪਰਮੇਸ਼ਰ ਦੀ ਵਡਿਆਈ ਕੀਤੀ ਅਸੀਂ ਇਸ ਤਰ੍ਹਾ ਦੀ ਗੱਲ ਕਦੇ ਨਹੀ ਵੇਖੀ।

ਵੇਖੋ ਕਿਵੇਂ ਯਹੂਦੀਆਂ ਨੇ ਯਿਸੂ ਤੇ ਦੋਸ਼ ਲਾਇਆ ਕਿ ਉਹ ਪਰਮੇਸ਼ਰ ਦੀ ਨਿੰਦਾ ਕਰਦਾ ਹੈ; ਕਿਉਂਕਿ ਉਸ ਨੇ ਬੀਮਾਰ ਵਿਅਕਤੀ ਨੂੰ ਕਿਹਾ, "ਪੁੱਤਰ ਤੇਰੇ ਪਾਪ ਮਾਫ ਹੋਏ" (5 ਆਇਤ) ਯਹੂਦੀ ਕਹਿਣ ਲੱਗੇ, "ਕੋਣ ਪਾਪ ਮਾਫ ਕਰ ਸਕਦਾ ਹੈ, ਸਿਰਫ ਪਰਮੇਸ਼ਰ?" ( 7 ਆਇਤ) ਯਿਸੂ ਨੇ ਉੱਥੇ ਕੋਈ ਮਾਫੀ ਨਹੀ ਮੰਗੀ। ਜਾਂ ਉਸਨੇ ਇਹ ਨਹੀ ਕਿਹਾ, ਕਿ ਉਹ ਤਾਂ ਸਿਰਫ ਪ੍ਰਾਥਨਾ ਕਰ ਰਿਹਾ ਸੀ ਕਿ ਪਰਮੇਸ਼ਰ ਉਸਨੂੰ ਮਾਫ ਕਰ ਦੇਵੇ। ਨਹੀ, ਸਗੋਂ ਉਹ ਇਹ ਦੱਸਣ ਲੱਗ ਪਿਆ ਕਿ ਉਸ ਦੇ ਕੋਲ ਪਾਪ ਮਾਫ ਕਰਨ ਦਾ ਵੀ ਇਖਤਿਆਰ ਹੈ, ਇਹ ਉਸ ਨੇ

ਉਸ ਬੀਮਾਰ ਵਿਅਕਤੀ ਨੂੰ ਚੰਗਾ ਕਰਨ ਦੇ ਦੁਆਰਾ ਕੀਤਾ। ਬੇਸ਼ੱਕ ਕੋਈ ਵੀ ਇਹ ਸ਼ਬਦ ਬੋਲ ਸਕਦਾ ਹੈ। ਪਰ ਜੇਕਰ ਉਹ ਵਿਅਕਤੀ ਚੰਗਾ ਨਾ ਹੁੰਦਾ ਤਾਂ ਕੋਈ ਵੀ ਵਿਅਕਤੀ ਯਿਸੂ ਦੇ ਸ਼ਬਦਾਂ ਦੇ ਉੱਪਰ ਵਿਸ਼ਵਾਸ ਨਾ ਕਰਦਾ। ਸਾਡੇ ਪ੍ਰਭੂ ਨੇ ਇਹ ਵਿਖਾਇਆ ਚੰਗਿਆਈ ਦਾ ਕੰਮ ਕਰਕੇ ਜੋ ਕਿ ਇਸ ਗੱਲ ਨਾਲੋਂ ਛੋਟਾ ਸੀ ਕਿ ਇਹ ਕਹਿਣਾ ਕਿ ਉਸਦੇ ਪਾਪ ਮਾਫ ਹੋ ਗਏ। ਕੋਈ ਵੀ ਨਬੀ ਇਹੋ ਜਿਹੇ ਸ਼ਬਦ ਨਹੀ ਬੋਲਿਆ ਹੈ, ਸਿਰਫ ਪਰਮੇਸ਼ਰ ਦਾ ਸੰਦੇਸ ਲਿਆਉਣ ਤੋਂ ਬਿਨਾਂ, ਜਿਵੇਂ ਨਾਥਾਨ ਨੇ ਦਾਊਦ ਦੇ ਬੈਥਸਬਾ ਨਾਲ ਪਾਪ ਕਰਨ ਤੋਂ ਬਾਅਦ ਦਾਊਦ ਨੂੰ ਬੋਲਿਆ।

ਯਿਸੂ ਮਸੀਹ ਨੇ ਇਹ ਵੀ ਕਿਹਾ ਕਿ ਉਹ ਅੰਤਿਮ ਦਿਨ ਮੁਰਦਿਆਂ ਨੂੰ ਜਿੰਦਾ ਕਰੇਗਾ ਅਤੇ ਉਹ ਸਭ ਮਨੁੱਖਾਂ ਦਾ ਨਿਆਂ ਕਰਨ ਲਈ ਬੈਠੇਗਾ। ਇੱਕ ਹੋਰ ਹੱਕ ਜੋ ਸਿਰਫ ਪਰਮੇਸ਼ਰ ਦੇ ਕੋਲ ਹੈ। ਕੋਈ ਵੀ ਆਮ ਮਨੁੱਖ ਦਿਲ ਦੇ ਉਦੇਸ਼ਾਂ ਅਤੇ ਸੋਚਾਂ ਨੂੰ ਜਾਂਚ ਨਹੀ ਸਕਦਾ ਹੈ, ਪਰਮੇਸ਼ਰ ਤੋਂ ਬਿਨਾਂ। ਹੇਠ ਲਿਖੇ ਵਚਨਾਂ ਵੱਲ ਵੇਖੋਃ

**ਮਤੀ ੭:੨੧-੨੩** "ਹਰ ਕੋਈ ਉਹ ਆਦਮੀ, ਜੋ ਮੈਨੂੰ ਪ੍ਰਭੂ ਪ੍ਰਭੂ ਕਹਿੰਦਾ ਹੈ, ਸੁਵਰਗ ਤੇ ਰਾਜ ਵਿਚ ਨਹੀਂ ਦਾਖਲ ਹੋਵੇਗਾ, ਪਰ ਉਹ

ਲੋਕੀ ਜਿਹੜੇ ਮੇਰੇ ਪਿਤਾ ਦੀ ਜਿਹੜਾ ਸੁਵਰਗ ਵਿਚ ਹੈ, ਇੱਛਾ ਪੂਰੀ ਕਰਦੇ ਹਨ, ਦਾਖਲ ਹੋਣਗੇ। ਬਹੁਤ ਸਾਰੇ ਲੋਕੀ ਉਸ ਅੰਤਮ ਦਿਨ, ਮੈਨੂੰ ਕਹਿਣਗੇ, ਪ੍ਰਭੂ ਜੀ ਪ੍ਰਭੂ ਜੀ, ਕੀ ਅਸੀਂ ਤੇਰੇ ਨਾਂ ਤੇ ਪਰਮੇਸ਼ਰ ਦਾ ਵਚਨ ਨਹੀਂ ਸੁਣਾਇਆ ਸੀ, ਤੇਰੇ ਨਾਂ ਤੋਂ ਭੂਤਾਂ ਨੂੰ ਨਹੀਂ ਕਢਿਆ ਸੀ, ਤੇਰੇ ਨਾਂ ਤੋਂ ਕਰਾਮਤਾਂ ਨਹੀਂ ਦਿਖਾਈਆਂ ਸਨ? ਅੁਸ ਸਮੇ ਮੈਂ ਉਹਨਾਂ ਨੂੰ ਉੱਤਰ ਦੇਵਾਂਗਾਃ 'ਮੈ ਤੁਹਾਨੂੰ ਕਦੀ ਨਹੀਂ ਜਾਣਿਆ, ਹੇ ਬੁਰੇ ਲੋਕੋ, ਮੇਰੇ ਕੋਲ ਦੂਰ ਹੋ ਜਾਓ'।"

**ਮਤੀ ੨੫:੩੧-੩੨** "ਜਦੋਂ ਮਨੁੱਖ ਦਾ ਪੁੱਤਰ ਆਪਣੀ ਮਹਿਮਾ ਅਤੇ ਆਪਣੇ ਸਭ ਸਵਰਗ ਦੂਤਾਂ ਦੇ ਨਾਲ ਆਵੇਗਾ, ਤਾਂ ਉਹ ਆਪਣੇ ਸ਼ਾਹੀ ਸਿੰਘਾਸਣ ਉਤੇ ਬੈਠੇਗਾ। ਉਸ ਸਮੇਂ ਧਰਤੀ ਦੀਆਂ ਸਭ ਕੌਮਾਂ, ਉਸ ਦੇ ਸਾਹਮਣੇ ਇਕੱਠੀਆਂ ਕੀਤੀਆਂ ਜਾਣਗੀਆਂ। ਉਹ ਉਹਨਾਂ ਨੂੰ ਦੋ ਹਿਸਿਆਂ ਵਿਚ ਵੰਡੇਗਾ, ਜਿਸ ਤਰ੍ਹਾਂ ਚਰਵਾਹਾ ਭੇਡਾਂ ਨੂੰ ਬਕਰੀਆਂ ਤੋਂ ਵੱਖਰਾ ਕਰਦਾ ਹੈ।"

**ਚੇਲਿਆਂ ਦੇ ਕਰਤੱਵ ੧੦:੪੨** "ਫਿਰ ਉਸ ਨੇ ਸਾਨੂੰ ਆਗਿਆ ਦਿੱਤੀ ਕਿ ਲੋਕਾਂ ਵਿਚ ਪ੍ਰਚਾਰ ਕਰੋ ਅਤੇ ਗੰਭੀਰਾਤਾ ਨਾਲ ਗਵਾਹੀ ਦੇਵੋ ਕਿ ਇਹ ਉਹ ਹੀ ਹਨ, ਜਿਨ੍ਹਾਂ ਨੂੰ ਪਰਮੇਸ਼ਰ ਨੇ ਮੁਰਦਿਆਂ ਅਤੇ ਜੀਂਉਦਿਆ ਦਾ ਨਿਆਂ-ਕਰਤਾ ਨਿਯੁਕਤ ਕੀਤਾ ਹੈ।"

**ਚੇਲਿਆਂ ਦੇ ਕਰਤੱਵ ੧੭:੩੧** "ਕਿਉਂਕਿ ਉਸ ਨੇ ਇਕ ਦਿਨ ਨਿਸਚਿਤ ਕੀਤਾ ਹੈ, ਜਦੋਂ ਉਹ ਪਹਿਲੇ ਹੀ ਨਿਸ਼ਚਿਤ ਕੀਤੇ ਮਨੁੱਖ ਦੁਆਰਾ ਸੰਸਾਰ ਦਾ ਧਰਮ ਪੂਰਵਕ ਨਿਆਂ ਕਰੇਗਾ। ਉਸ ਨੇ ਉਸ ਆਦਮੀ ਨੂੰ ਮੁਰਦਿਆਂ ਵਿਚੋਂ ਜ਼ਿੰਦਾ ਕਰਕੇ ਸਾਰਿਆਂ ਨੂੰ ਇਸ ਗੱਲ ਦਾ ਸਬੂਤ ਵੀ ਦੇ ਦਿੱਤਾ ਹੈ।"

**੨ ਤਿਮੋਥਿਉਸ ੪:੧** "ਮੈਂ ਤੈਨੂੰ ਪਰਮੇਸ਼ਰ ਅਤੇ ਮਸੀਹ ਯਿਸੂ ਨੂੰ ਹਾਜ਼ਿਰ ਨਾਜ਼ਿਰ ਜਾਣਕੇ, ਅਰਥਾਤ ਉਸ ਨੂੰ ਜੋ ਸਭ ਜੀਉਂਦਿਆ ਅਤੇ ਮਰਿਆਂ ਦਾ ਨਿਆ ਕਰਨ ਦੀ ਯਾਦ ਕਰਵਾ ਕੇ, ਇਹ ਬੇਨਤੀ ਕਰਦਾ ਹਾਃ"

ਇਹ ਯਿਸੂ ਜਿਹੜਾ ਨਵੀ ਦੁਨਿਆ ਅਤੇ ਆਖਰੀ ਸਥਿਤੀ ਲੇ ਆਉਣਗਾ।

**ਇਬਰਾਨੀਆਂ ੧:੧੦-੧੨** "ਉਹ ਫਿਰ ਕਹਿੰਦਾ ਹੈ: "ਹੇ ਪ੍ਰਭੂ ਸ਼ੁਰੂ ਤੋਂ ਹੀ ਧਰਤੀ ਦੀ ਨੀਂਹ ਤੂੰ ਹੀਂ ਰੱਖੀ ਹੈ, ਤੇਰੇ ਹੀ ਹੱਥਾਂ ਦੁਆਰਾ ਅਕਾਸ਼ ਦੀ ਰਚਨਾ ਹੋਈ ਹੈ। ਉਹ ਖ਼ਤਮ ਹੋ ਜਾਣਗੇ, ਪਰ ਤੂੰ ਅਟਲ ਰਹੇਗਾ, ਉਹ ਕਪੜੇ ਦੀ ਤਰ੍ਹਾਂ ਬਦਲ ਜਾਣਗੇ। ਤੂੰ ਉਹਨਾਂ ਨੂੰ ਵਿਛਾਉਣੇ ਦੀ ਤਰ੍ਹਾਂ ਇਕੱਠੇ ਕਰ ਦੇਵੇਂਗਾ। ਉਹ ਕਪੜੇ ਦੀ ਤਰ੍ਹਾਂ ਬਦਲ ਜਾਣਗੇ, ਪਰ ਤੂੰ ਹਮੇਸ਼ਾ ਇਕੋ ਜਿਹਾ ਰਹੇਗਾ, ਤੂੰ ਕਦੀ ਵੀ ਨਹੀਂ ਮਰੇਗਾ।"

**ਫਿਲਪਿਆਂ ੩:੨੧** "ਉਹ ਹੀ ਨਾਸ਼ਵਾਨ ਸਰੀਰਾਂ ਨੂੰ ਆਪਣੀ ਉਸ ਮੁਕਤੀ ਦੇ ਨਾਲ ਜਿਸ ਨਾਲ ਉਹ ਸਭ ਚੀਜ਼ਾਂ ਨੂੰ ਆਪਣੀ ਉਦੇਸ਼ ਪੂਰਤੀ ਲਈ, ਆਪਣੇ ਅਧੀਨ ਰੱਖਦਾ ਹੈ; ਆਪਣੇ ਤੇਜਵਾਨ ਸਰੀਰ ਦੀ ਤਰ੍ਹਾਂ ਬਦਲ ਦੇਵੇਗਾ।"

**ਪ੍ਰਕਾਸ਼ ਦੀ ਪੋਥੀ ੨੧:੫** "ਤਖ਼ਤ ਤੇ ਜੋ ਬੈਠਾ ਸੀ, ਬੋਲਿਆ, "ਦੇਖ ਮੈਂ ਸਭ ਕੁਝ ਨਵਾਂ ਬਣਾ ਰਿਹਾ ਹਾਂ, ਤੂੰ ਇਹ ਬਚਨ ਲਿਖ, ਕਿਉਂਕਿ ਇਹ ਵਿਸ਼ਵਾਸ ਜੋਗ ਅਤੇ ਸੱਚਾ ਹੈ।"

ਯਿਸੂ ਪਰਮੇਸ਼ਰ ਦਾ ਗੋਦ ਲਿਆ ਹੋਇਆ ਪੁੱਤਰ ਨਹੀ ਹੈ, ਜਿਵੇਂ ਕਿਸੇ ਆਦਮੀ ਨੂੰ ਕਿਸੇ ਛੋਟੇ ਦੇਵਤੇ ਦਾ ਪਦ ਮਿਲਿਆ ਹੋਵੇ, ਜਿਵੇਂ ਕੁਝ ਝੂਠੀ ਸਿੱਖਿਆ ਦੇਣ ਵਾਲੇ ਪ੍ਰਾਚੀਨ ਕਲੀਸੀਆ ਦੇ ਵਿੱਚ ਸਿੱਖਿਆ ਦਿੰਦੇ ਸਨ। ਉਹ ਪਰਮੇਸ਼ਰ ਦਾ ਇਲੋਤਾ ਪੁੱਤਰ ਹੈ। ਜੋ ਕਿ ਪਿਤਾ ਦੇ ਸਾਹਮਣੇ ਸਦੀਪਕ ਕਾਲ ਤੋਂ ਹੈ। ਉਹ ਜਿਵੇਂ ਇੱਕ ਸੰਸਾਰਿਕ ਪੁੱਤਰ ਆਪਣੇ ਪਿਤਾ ਦੇ ਵਿੱਚੋਂ ਨਿਕਲਿਆ ਹੁੰਦਾ ਹੈ, ਪਿਤਾ ਪਰਮੇਸ਼ਰ ਦੇ ਵਿੱਚੋਂ ਨਹੀ ਆਇਆ ਹੈ। ਉਹ ਇੱਕ ਸਿੱਧ ਪਿਤਾ- ਪੁੱਤਰ ਦਾ ਰਿਸ਼ਤਾ ਹੈ ਜੋ ਕਿ ਸਦੀਪਕ ਕਾਲ ਤੋਂ ਹੋਂਦ ਦੇ ਵਿੱਚ ਹੈ। ਇਨ੍ਹਾਂ ਗੱਲਾਂ ਦੀ ਰੋਸ਼ਨੀਂ ਦੇ ਵਿੱਚ ਹੇਠ ਲਿਖੇ ਪਦ ਪੂਰੀ ਤਰਾਂ ਸਮਝ ਆਉਂਦੇ ਹਨ:

**ਯੂਹੰਨਾਂ ੮:੧੯** "ਉਹਨਾਂ ਨੇ ਯਿਸੂ ਤੋਂ ਪੁਛਿਆ, "ਤੇਰੇ ਪਿਤਾ ਕਿਥੇ ਹੈ?" ਯਿਸੂ ਨੇ ਉੱਤਰ ਦਿੱਤਾ, "ਨਾ ਤੁਸੀਂ ਮੈਨੂੰ ਜਾਣਦੇ ਹੋ ਅਤੇ

ਨਾ ਹੀ ਮੇਰੇ ਪਿਤਾ ਨੂੰ । ਜੇਕਰ ਤੁਸੀਂ ਮੈਨੂੰ ਜਾਣਦੇ ਹੁੰਦੇ ਤਾਂ ਮੇਰੇ ਪਿਤਾ ਨੂੰ ਵੀ ਜਾਣਦੇ ਹੁੰਦੇ।"

**ਯੂਹੰਨਾਂ ੧੪:੭** "ਜੇਕਰ ਤੁਸੀਂ ਮੈਨੂੰ ਜਾਣਦੇ ਹੋ ਤਾਂ ਮੇਰੇ ਪਿਤਾ ਨੂੰ ਵੀ ਜਾਣਦੇ। ਹੁਣ ਤੁਸੀਂ ਉਸ ਨੂੰ ਜਾਣਦੇ ਹੋ ਅਤੇ ਉਸ ਦਾ ਦਰਸ਼ਨ ਵੀ ਕਰ ਚੁੱਕੇ ਹੋ।"

**ਯੂਹੰਨਾਂ ੧੪:੯** "ਯਿਸੂ ਨੇ ਉਸ ਨੂੰ ਕਿਹਾ, "ਫਿਲਿਪੁਸ ਮੈਂ ਤੁਹਾਡੇ ਨਾਲ ਇੰਨੇ ਸਮੇਂ ਤੋਂ ਹਾਂ, ਫਿਰ ਵੀ ਤੁਸੀਂ ਮੈਨੂੰ ਨਹੀਂ ਜਾਣਿਆ? ਜਿਸ ਨੇ ਮੇਰੇ ਦਰਸ਼ਨ ਕੀਤੇ ਹਨ, ਉਸ ਨੇ ਪਿਤਾ ਦੇ ਦਰਸ਼ਨ ਕੀਤੇ ਹਨ। ਤੂੰ ਕਿਸ ਤਰ੍ਹਾਂ ਕਹਿੰਦਾ ਹੈਂ, ਸਾਨੂੰ ਪਿਤਾ ਦੇ ਦਰਸ਼ਨ ਕਰਵਾਓ?"

**ਯੂਹੰਨਾਂ ੧੨:੪੪** "ਯਿਸੂ ਨੇ ਉਚੀ ਅਵਾਜ਼ ਨਾਲ ਪੁਕਾਰ ਕੇ ਕਿਹਾ, "ਜੋ ਕੋਈ ਮੇਰੇ ਉਦੇ ਵਿਸ਼ਵਾਸ ਕਰਦਾ ਉਹ ਮੇਰੇ ਉਤੇ ਨਹੀਂ ਸਗੋਂ ਮੇਰੇ ਘੱਲਨ ਵਾਲੇ ਉਤੇ ਵੀ ਵਿਸ਼ਵਾਸ ਕਰਦਾ ਹੈ।"

**ਮਰਕੁਸ ੯:੩੭** "ਜੋ ਕੋਈ ਇਹਨਾਂ ਬੱਚਿਆਂ ਵਿਚੋਂ ਕਿਸੇ ਇਕ ਦਾ ਮੇਰੇ ਨਾਂ ਉਤੇ ਸੁਆਗਤ ਕਰਦਾ ਹੈ, ਉਹ ਮੇਰਾ ਸੁਆਗਤ ਕਰਦਾ ਹੈ, ਨਾ ਕੇਵਲ ਮੇਰੇ ਹੀ, ਸਗੋਂ ਉਸ ਦਾ ਵੀ ਜਿਸ ਨੇ ਮੈਨੂੰ ਘਲਿਆ ਹੈ।"

**ਯੂਹੰਨਾਂ ੫:੨੩** "ਤਾਂ ਜੋ ਸਾਰੇ ਪੁੱਤਰ ਦਾ ਆਦਰ ਉਸੇ ਤਰ੍ਹਾਂ ਕਰਨ, ਜਿਸ ਤਰ੍ਹਾਂ ਉਹ ਪਿਤਾ ਦਾ ਕਰਦੇ ਹਨ। ਜੋ ਪੁੱਤਰ ਦਾ ਆਦਰ ਨਹੀਂ ਕਰਦਾ ਹੈ, ਉਹ ਪਿਤਾ ਦਾ ਵੀ ਆਦਰ ਨਹੀਂ ਕਰਦਾ ਹੈ, ਜਿਸ ਨੇ ਪੁੱਤਰ ਨੂੰ ਘਲਿਆ ਹੈ।"

ਵੇਖੋ ਅਖੀਰਲੇ ਅਧਿਆਏ ਦੇ ਵਿੱਚ, ਲੋਕ ਪੁੱਤਰ ਦਾ ਆਦਰ ਕਰਨ, "ਜਿਵੇਂ ਉਹ ਪਿਤਾ ਦਾ ਆਦਰ ਕਰਦੇ ਹਨ" ਅਤੇ ਹੋਰ ਕਿਸੇ ਤਰੀਕੇ ਦੇ ਦੁਆਰਾ ਨਹੀ। ਕਿਉਂਕਿ ਪੁੱਤਰ ਦੇ ਕੋਲ ਵੀ ਉਹੀ ਸੁਭਾਅ ਹੈ ਜੋ ਕਿ ਪਿਤਾ ਦੇ ਕੋਲ ਹੈ ਕਿਉਂਕਿ ਪਰਮੇਸ਼ਰ ਆਪਣੀ ਮਹਿਮਾ ਕਿਸੇ ਹੋਰ ਨੂੰ ਨਹੀ ਦੇਵੇਗਾ।

ਆਉ ਅਸੀਂ ਤਿੰਨ ਪਦ ਹੋਰ ਯਿਸੂ ਦੀ ਈਸ਼ਵਰਤਾਈ ਦੇ ਵਾਸਤੇ ਵੇਖਦੇ ਹਾਂ। ਉਹ ਕੋਈ ਛੋਟਾ ਦੇਵਤਾ ਨਹੀ ਹੈ, ਜੋ ਕਿ ਮੂਰਤੀਪੂਜਾ ਨੂੰ ਬੜਾਵਾ ਦੇਵੇਗੀ। ਇਸ ਦੀ ਬਜਾਇ ਉਹ ਪਿਤਾ ਦੇ ਬਰਾਬਰ ਹੈ। ਯਿਸੂ ਨੇ ਇੱਕ ਵਿਅਕਤੀ ਨੂੰ ਸਬਤ ਦੇ ਦਿਨ ਚੰਗਾ ਕੀਤਾ ਅਤੇ ਯਹੂਦੀ ਪ੍ਰੇਸ਼ਾਨ ਸਨ। ਸਾਡੇ ਪ੍ਰਭੂ ਨੇ ਜਵਾਬ ਦਿੱਤਾਃ

**ਯੂਹੰਨਾਂ ੫:੧੭** "ਯਿਸੂ ਨੇ ਯਹੂਦੀਆਂ ਨੂੰ ਕਿਹਾ, "ਮੇਰਾ ਪਿਤਾ ਇਸ ਸਮੇਂ ਤਕ ਕੰਮ ਕਰਦਾ ਆ ਰਿਹਾ ਹੈ, ਅਤੇ ਮੈਂ ਵੀ ਕਰ ਰਿਹਾ ਹਾਂ।"
18 ਇਹ ਸੁਣ ਕੇ ਯਹੂਦੀ ਹੋਰ ਵੀ ਜ਼ਿਆਦਾ ਯਿਸੂ ਨੂੰ ਮਾਰਨ ਦੀ ਕੋਸ਼ਿਸ਼ ਕਰਨ ਲਗੇ, ਕਿਉਂਕਿ ਉਹ ਕੇਵਲ ਸ਼ਬਤ ਦੀ ਉਲੰਘਣ ਹੀ ਨਹੀਂ ਕਰਦੇ ਸਨ, ਸਗੋਂ ਪਰਮੇਸ਼ਰ ਨੂੰ ਆਪਣਾ ਪਿਤਾ ਕਹਿ ਕੇ, ਆਪਣੇ ਆਪ ਨੂੰ ਪਰਮੇਸ਼ਰ ਦੇ ਬਰਾਬਰ ਵੀ ਬਣਾਉਣਾ ਚਾਹੁੰਦੇ ਸਨ।"

ਯਿਸੂ ਆਪਣੇ ਸ਼ਬਦਾਂ ਨੂੰ ਵਿਸਤਾਰ ਵਿੱਚ ਨਹੀ ਦੱਸਦੇ ਸਨ, ਨਾ ਹੀ ਉਨ੍ਹਾਂ ਨੂੰ ਘਟਾਉਂਦੇ ਸਨ ਪਰ ਇਸ ਗੱਲ ਤੇ ਜੋਰ ਦਿੰਦੇ ਸਨ ਕਿ ਉਹ ਸੱਚਮੁੱਚ ਹੀ ਪਰਮੇਸ਼ਰ ਦੇ ਬਰਾਬਰ ਸਨ। ਯਿਸੂ ਯਹੂਦੀਆਂ ਨੂੰ ਬੜੇ ਆਰਾਮ ਦੇ ਨਾਲ ਸਮਝਾ ਸਕਦੇ ਸਨ ਕਿ ਸਬਤ ਦੇ ਦਿਨ ਭਲਾ ਕਰਨਾ ਠੀਕ ਹੈ, ਜਿਵੇਂ ਕਿ ਇੱਕ ਭੇਡ ਜਾਂ ਬਲਦ ਸਬਤ ਦੇ ਦਿਨ ਟੋਏ ਵਿੱਚੋਂ ਕੱਢਣਾ ਜਾਇਜ ਹੈ। ਪਰ ਯਿਸੂ ਇਹ ਵਿਖਾਉਂਦੇ ਹਨ ਕਿ ਪਿਤਾ ਪਰਮੇਸ਼ਰ ਦੀ ਤਰਾਂ ਜੋ ਸਭ ਚੀਜਾਂ ਨੂੰ ਸੰਭਾਲ ਕੇ ਰੱਖਦਾ ਹੈ ਅਤੇ ਲਗਾਤਾਰ ਕੰਮ ਕਰਦਾ ਹੈ, ਇਸੇ ਤਰਾਂ ਪੁੱਤਰ ਵੀ ਕੰਮ ਕਰਦਾ ਹੈ। ਇਸ ਕਾਰਣ ਦੀ ਵਜ੍ਹਾ ਨਾਲ ਯਹੂਦੀਆਂ ਨੇ ਉਸ ਨੂੰ ਦੋਸ਼ੀ ਠਹਿਰਾਇਆ ਕਿ ਉਹ ਆਪਣੇ ਆਪ ਨੂੰ ਪਰਮੇਸ਼ਰ ਪਿਤਾ ਦੇ ਬਰਾਬਰ ਬਣਾਉਂਦਾ ਹੈ। ਯਹੂਦੀ ਕਿਸੇ ਛੋਟੇ ਦੇਵਤੇ ਨੂੰ ਨਹੀ ਮੰਨਦੇ ਸਨ। ਉਨ੍ਹਾਂ ਦਾ ਅਕੀਦਾ ਸੀ, ਸਿਰਫ ਇੱਕ ਹੀ ਸੱਚਾ ਪਰਮੇਸ਼ਰ ਹੈ।

ਇਹ ਪਰਮੇਸ਼ਰ ਦੇ ਨਾਲ ਬਰਾਬਰਤਾ ਦਾ ਜੋਰ  ਦੋ ਪਦਾਂ ਦੇ ਵਿੱਚ ਪਾਇਆ ਗਿਆ ਹੈ।

**ਯੂਹੰਨਾਂ ੧੦:੩੦** "ਮੈਂ ਅਤੇ ਪਿਤਾ ਇਕ ਹਾਂ।"

**ਯੂਹੰਨਾਂ ੧੦:੩੩-੩੬** "ਯਹੂਦੀਆਂ ਨੇ ਉੱਤਰ ਦਿੱਤਾ, "ਆਸੀਂ ਤੇਰੇ ਕਿਸੇ ਚੰਗੇ ਕੰਮ ਵਾਸਤੇ ਤੈਨੂੰ ਪਥਰਾਓ ਨਹੀਂ ਕਰਦੇ, ਪਰੰਤੂ ਪਰਮੇਸ਼ਰ ਦੀ ਨਿੰਦਾ ਕਰਨ ਕਾਰਨ ਕਿਉਂਕਿ, ਤੂੰ ਆਦਮੀ ਹੁੰਦਿਆਂ ਹੋਇਆ ਆਪਣੇ ਆਪ ਨੂੰ ਪਰਮੇਸ਼ਰ ਬਣਾਉਂਦਾ ਹੈਂ।" ਯਿਸੂ ਨੇ ਉਹਨਾਂ ਨੂੰ ਉੱਤਰ ਦਿੱਤਾ, "ਕੀ ਤੁਹਾਡੀ ਵਿਵਸਥਾ ਵਿਚ ਨਹੀਂ ਲਿਖਿਆ, "ਮੈਂ ਆਖਿਆ ਕਿ ਤੁਸੀਂ ਪਰਮੇਸ਼ਰ ਹੋ।' ਜੇਕਰ ਉਸ ਨੇ ਉਹਨਾਂ ਨੂੰ ਪਰਮੇਸ਼ਰ ਕਿਹਾ, ਜਿਨ੍ਹਾਂ ਦੇ ਲਈ ਪਰਮੇਸ਼ਰ ਦਾ ਵਚਨ ਆਇਆ ਅਤੇ ਪਰਮੇਸ਼ਰ ਦੇ ਵਚਨ ਨੂੰ ਝੂਠਾ ਨਹੀਂ ਠਹਿਰਾਇਆ ਜਾ ਸਕਦਾ। ਫਿਰ ਜਿਸ ਨੂੰ ਪਿਤਾ ਨੇ ਚੁਣਿਆ ਹੈ ਅਤੇ ਸੰਸਾਰ ਵਿਚ ਘਲਿਆ ਹੈ, ਉਸ ਨੂੰ ਤੁਸੀਂ ਕਿਸ ਤਰ੍ਹਾਂ ਕਹਿੰਦੇ ਹੋ, ਤੂੰ ਪਰਮੇਸ਼ਰ ਦੀ ਨਿੰਦਾ ਕਰਦਾ ਹੈਂ, ਕਿਉਂਕਿ ਮੈਂ ਕਿਹਾ ਸੀ; ਮੈਂ ਪਰਮੇਸ਼ਰ ਦਾ ਪੁੱਤਰ ਹਾਂ।"

ਯੂਹੰਨਾਂ 10:30 ਦੀ ਸਾਡੇ ਕੋਲ ਇੱਕ ਸਪੱਸ਼ਟ ਗੱਲ ਹੈ ਕਿ ਪਿਤਾ ਅਤੇ ਪੁੱਤਰ ਦਾ ਇੱਕ ਹੀ ਸੁਭਾਅ ਹੈ। ਅਖੀਰਲੇ ਪਦ ਵਿੱਚ ਅਸੀਂ ਵੇਖਿਆ ਕਿ ਯਿਸੂ ਨੇ ਇਹ ਨਹੀ ਕਿਹਾ, ਮੈਂ ਜਬੂਰ 82:6 ਦੇ ਦਿਉਤਿਆਂ ਵਰਗਾ ਹਾਂ" ਫਿਰ ਯਹੂਦੀਆਂ ਨੇ ਇੰਨ੍ਹਾਂ ਪਰੇਸ਼ਾਨ ਨਹੀ ਹੋਣਾ ਸੀ। ਪਰ ਉਨ੍ਹਾਂ ਨੇ ਇਹ ਵੇਖਿਆ ਕਿ ਯਿਸੂ ਆਪਣੇ ਆਪ ਨੂੰ ਪਰਮੇਸ਼ਰ ਦੇ ਤੁੱਲ ਦੱਸਦਾ ਹੈ ਅਤੇ ਉਨ੍ਹਾਂ ਕਿਹਾ ਕਿ ਤੂੰ ਕੁਫਰ ਬਕਦਾ ਹੈਂ ਕਿਉਂਕਿ ਤੂੰ "ਇੱਕ ਮਨੁੱਖ ਹੋ ਕੇ ਆਪਣੇ ਆਪ ਨੂੰ ਪਰਮੇਸ਼ਰ ਬਣਾਉਂਦਾ ਹੈਂ" (33 ਆਇਤ)

ਯਿਸੂ ਦਾ ਪ੍ਰਤੀ ਉੱਤਰ ਵਿਖਾਉਂਦਾ ਹੈ ਕਿ ਜੇਕਰ ਮਨੁੱਖਾਂ ਨੂੰ ਦਿਉਤਿਆਂ ਦੇ ਪਦ ਦੇ ਦਿੱਤੇ ਜਾਣ, ਉਸ ਅਧਿਕਾਰ ਦੇ ਕਾਰਣ ਜੋ ਉਨ੍ਹਾਂ ਦੇ ਵਿੱਚ ਪਾਇਆ ਗਿਆ ਹੈ ਤਾਂ ਹੋਰ ਵੀ ਕਿੰਨਾਂ ਜਿਆਦਾ ਉਹ ਹੈ ਜਿਸ ਨੂੰ ਪਿਤਾ ਨੇ ਅੱਡ ਕੇ ਧਰਤੀ ਦੇ ਉੱਪਰ ਭੇਜਿਆਂ ਹੈ। ਇਹ ਯਹੂਦੀ ਸਨ ਜਿੰਨਾਂ ਨੇ ਯਿਸੂ ਦੇ ਤੱਥਾਂ ਦਾ ਖੰਦਣ ਕਰ ਕੇ ਪਰਮੇਸ਼ਰ ਦੀ ਨਿੰਦਾ ਕੀਤੀ। ਯਿਸੂ ਹੀ ਸੁਭਾਵਿਕ ਇਕਲੋਤਾ ਪੁੱਤਰ ਹੈ, ਜੋ ਕਿ ਪਰਮੇਸ਼ਰ ਕਹਿਲਾਉਣ ਦੇ ਯੋਗ ਹੈ ਕਿਉਂਕਿ ਇਹ ਇੱਕ ਹਕੀਕਤ ਹੈ।

ਯਿਸੂ ਦੀ ਈਸ਼ਵਰਤਾ ਕੋਈ ਇਹੋ ਜਿਹੀ ਨਹੀ ਹੈ ਜੋ ਕਿ ਚੇਲਿਆ ਨੇ ਕਿਸੇ ਮਨੁੱਖ ਤੋਂ ਪ੍ਰਾਪਤ ਕੀਤੀ। ਪਰ ਇਹ ਕੁਝ ਸੀ ਜੋ ਕਿ ਉਨ੍ਹਾਂ ਨੇ ਉਸ ਨੂੰ ਪਛਾਣਿਆਂ ਜਦ ਉਨ੍ਹਾਂ ਨੇ ਉਸ ਨਾਲ ਸਮਾਂ ਬਿਤਾਇਆ ਅਤੇ ਉਨ੍ਹਾਂ ਨੇ ਉਸਦੇ ਮਾਹਾਨ ਕੰਮਾਂ ਨੂੰ ਵੇਖਿਆ ਅਤੇ ਓਸਦੀਆਂ ਅਨੋਖੀਆਂ ਗੱਲਾਂ ਨੂੰ ਸੁਣਿਆ। ਕਿਉਂਕਿ ਯਿਸੂ ਪਰਮੇਸ਼ਰ ਹੈ ਉਸਦਾ ਅਧਿਕਾਰ ਬੀਮਾਰੀਆਂ, ਦੁਸ਼ਟਆਤਮਾਵਾਂ, ਮੌਤ ਅਤੇ ਵਾਤਾਵਰਣ ਦੀਆਂ ਸਭ ਤਾਕਤਾਂ ਦੇ ਉੱਪਰ ਹੈ
(ਮਰਕੁਸ 4–5)।

ਯਿਸੂ ਮਨੁੱਖ ਵੀ ਹੈ ਅਤੇ ਪਰਮੇਸ਼ਰ ਵੀ ਹੈ। ਕੁਝ ਲੋਕ ਸਨ ਜਿੰਨਾਂ ਨੇ ਉਸਦੀ ਮਨੁੱਖਤਾ ਦਾ ਇਨਕਾਰ ਕੀਤਾ। ਪਰ ਵਚਨ ਇਸ ਗੱਲ ਨੂੰ ਸਾਫ ਲਰਦੇ ਹਨ ਕਿ ਉਹ ਪੂਰਾ ਮਨੁੱਖ ਸੀ। ਉਹ ਕਦ ਵਿੱਚ ਵਧਿਆ। ਉਹ ਭੁੱਖਾ ਸੀ। ਉਹ ਥੱਕਿਆ ਸੀ ਅਤੇ ਇਸੇ ਲਈ ਉਹ ਤੂਫਾਨ ਦੇ ਵਿੱਚ ਸੌਂ ਸਕਿਆ। ਉਸ ਦੇ ਅੰਦਰ ਉਹ ਸਭ ਪਾਪ ਰਹਿਤ ਕਮਜੋਰੀਆਂ ਸਨ। ਉਹ ਨੂੰ ਕੁਝ ਗੱਲਾਂ ਦਾ ਪਤਾ ਨਹੀ ਸੀ, ਉਦਹਾਰਣ ਦੇ ਤੋਰ ਤੇ, ਅੰਤ ਦੇ ਸਮੇਂ ਦਾ।ਉਹ ਆਮ ਬੱਚਿਆਂ ਦੀ ਤਰ੍ਹਾਂ ਸਿੱਖਿਆ ਸੀ। ਅਤੇ ਇਸੇ ਲਈ ਲਿਖਿਆ ਹੈ ਕਿ ਉਹ ਬੁੱਧ ਵਿੱਚ ਵਧਿਆ (ਲੂਕਾ 2:52)। ਉਹ ਕੋਈ ਦਾਨਵ ਨਹੀ ਸੀ। ਪਰ ਉਸਨੇ ਪੂਰੀ ਤਰ੍ਹਾਂ ਮਨੁੱਖੀ ਸੁਭਾਅ ਨੂੰ ਪਾਪ ਨੂੰ ਛੱਡ ਕੇ ਅਪਣਾਇਆ। ਇਹ ਸੱਚਾਈ ਪਾਪੀਆਂ ਦੇ ਵਾਸਤੇ ਬਹੁਤ ਵੱਡਾ ਆਰਾਮ ਹੈ। ਉਹ ਵਿਚੋਲਾ ਬਣ ਸਕਦਾ ਹੈ ਕਿਉਂਕਿ ਉਹ ਪਰਮੇਸ਼ਰ ਹੈ ਅਤੇ ਮਨੁੱਖ ਦਾ ਪ੍ਰਤੀਨਿਧੀ ਇੱਕ ਸੰਪੂਰਣ ਮਨੁੱਖ ਬਣ ਕੇ ਪਰਮੇਸ਼ਰ ਦੇ ਸਾਹਮਣੇ ਕਰ ਸਕਦਾ ਹੈ।

ਸੰਸਾਰ ਦੇ ਬਹੁਤ ਸਾਰੇ ਧਰਮ ਜਿਵੇਂ ਕਿ ਹਿੰਦੂ ਧਰਮ, ਇਸਲਾਮ, ਸਿੱਖ ਧਰਮ  ਆਦਿ ਯਿਸੂ ਨੂੰ ਇੱਕ ਗੁਰੂ, ਇੱਕ ਨਬੀ, ਜਾਂ ਬਹੁਤ ਸਾਰੇ ਅਵਤਾਰਾਂ ਵਿੱਚੋਂ ਇੱਕ ਮੰਨਦੇ ਹਨ (ਹਿੰਦੂ ਧਰਮ)। ਪਰ ਉਸ ਨੂੰ ਪਰਮੇਸ਼ਰ ਦਾ ਦਰਜਾ ਨਹੀ ਦਿੰਦੇ ਹਨ। ਜੇਕਰ ਯਿਸੂ ਪਰਮੇਸ਼ਰ ਨਹੀ ਹੈ ਜਿਵੇਂ ਕਿ ਉਸ ਨੇ ਕਿਹਾ ਹੈ ਤਾਂ ਉਹ ਮਨੁੱਖਤਾ ਨੂੰ ਧੋਖਾ ਦੇਣ ਵਾਲਾ ਸੀ, ਅਤੇ ਉਹ ਕਿਸੇ ਵੀ ਇੱਜਤ ਦੇ ਜੋਗ ਨਹੀ ਹੈ ਸਗੋਂ ਨਿੰਦਾ ਦੇ ਜੋਗ ਹੈ। ਦੂਸਰੇ ਪਾਸੇ, ਜੇਕਰ ਜੋ ਯਿਸੂ ਨੇ ਕਿਹਾ ਉਹ ਸੱਚ ਹੈ ਤਾਂ

ਉਸ ਨੂੰ ਇੱਕ ਆਮ ਨਬੀ ਜਾਂ ਗੁਰੁ ਬਣਾਉਣਾ ਇੱਕ ਨਿੰਦਿਆ ਹੈ। ਸੀ ਐੱਸ ਲੂਈਸ ਨੇ ਲਿਖਿਆ:

> "ਮੈਨ ਇੱਥੇ ਹਰ ਇੱਕ ਨੂੰ ਬਚਾਉਣ ਦੀ ਕੋਸ਼ਿਸ ਕਰ ਰਿਹਾ ਹਾਂ ਜੋ ਕਿ ਸੱਚਮੁੱਚ ਹੀ ਇੱਕ ਮੂਰਖਤਾ ਭਰੀ ਗੱਲ ਉਸ ਦੇ ਬਾਰੇ ਕਹਿੰਦੇ ਹਨ: "ਮੈਂ ਯਿਸੂ ਨੂੰ ਇੱਕ ਨੈਤਿਕ ਗੁਰੁ ਦੇ ਤੋਰ ਤੇ ਸਵੀਕਾਰ ਕਰਨ ਨੂੰ ਤਿਆਰ ਹਾਂ ਪਰ ਉਸਦੇ ਪਰਮੇਸ਼ਰ ਹੋਣ ਦੇ ਦਾਅਵਿਆਂ ਨੂੰ ਨਹੀ ਮੰਨਦਾ" ਇਹ ਇੱਕ ਇਹੋ ਜਿਹੀ ਗੱਲ ਹੈ ਜੋ ਸਾਨੂੰ ਨਹੀ ਕਹਿਣੀ ਚਾਹੀਦੀ ਹੈ। ਇੱਕ ਵਿਅਕਤੀ ਜੋ ਕਿ ਇੱਕ ਆਮ ਵਿਅਕਤੀ ਸੀ ਅਤੇ ਜੇ ਉਸ ਨੇ ਉਹ ਗੱਲਾਂ ਕਹੀਆਂ ਜੋ ਕਿ ਯਿਸੂ ਨੇ ਕਹੀਆਂ ਤਾਂ ਉਹ ਮਾਹਾਨ ਨੈਤਿਕ ਗੁਰੂ ਨਹੀ ਹੋ ਸਕਦਾ। ਉਹ ਜਾਂ ਤਾਂ ਇੱਕ ਪਾਗਲ ਹੈ- ਉਸੇ ਦਰਜੇ ਦੇ ਪਾਗਲ ਦਾ ਜੋ ਕਹਿੰਦਾ ਹੈ ਕਿ ਮੈਂ ਇੱਕ ਅੰਡਾ ਹਾਂ ਜਾਂ ਫਿਰ ਉਹ ਨਰਕ ਦਾ ਸ਼ੈਤਾਨ ਹੈ। ਤੁਹਾਨੂੰ ਆਪਣੀ ਚੋਣ ਕਰਨੀ ਚਾਹੀਦੀ ਹੈ। ਜਾਂ ਤਾਂ ਇਹ ਵਿਅਕਤੀ ਪਰਮੇਸ਼ਰ ਦਾ ਪੁੱਤਰ ਹੈ ਅਤੇ ਸੀ: ਜਾਂ ਉਹ ਕੋਈ ਪਾਗਲ ਜਾਂ ਇਸ ਤੋਂ ਵੀ ਬਦਤਰ ਸੀ। ਤੁਸੀ ਉਸ ਨੂੰ ਪਾਗਲ ਦੇ ਤੋਰ ਤੇ ਬੰਦ ਕਰ ਸਕਦੇ ਹੋ, ਤੁਸੀਂ ਉਸ ਨੂੰ ਇੱਕ ਭੁਤ ਸਮਝ ਕੇ ਉਸ ਤੇ ਥੁੱਕ ਸਕਦੇ ਹੋ ਅਤੇ ਉਸ ਨੂੰ ਮਾਰ ਸਕਦੇ ਹੋ, ਜਾਂ ਫਿਰ ਤੁਸੀਂ ਉਸਦੇ ਚਰਨਾਂ ਦੇ ਵਿੱਚ ਡਿੱਗ ਕੇ ਉਸ ਨੂੰ ਪ੍ਰਭੂ ਅਤੇ ਪਰਮੇਸ਼ਰ ਕਹਿ ਸਕਦੇ ਹੋ। ਪਰ ਆਉ ਅਸੀਂ ਇਹੋ ਜਿਹੀਆਂ ਬੇਵਕੂਫੀ ਭਰੀਆਂ ਸੋਚਾਂ ਦੇ ਨਾਲ ਨਾ ਆਈਏ ਕਿ ਉਹ ਇੱਕ ਮਾਹਾਨ ਮਨੁੱਖੀ ਗੁਰੂ ਸੀ। ਉਸ ਨੇ ਇਹ ਸਾਡੇ ਲਈ ਖੋਲ ਕੇ ਰੱਖਿਆ ਹੈ। ਉਹ ਨਹੀ ਚਾਹੁੰਦਾ ਹੈ"। 6

# 4

# ਪਵਿੱਤਰ ਆਤਮਾ ਦੀ ਈਸ਼ਵਰਤਾ ਅਤੇ ਵਿਅਕਤੀਤਵ ਦੇ ਨਵੇ ਨੇਮ ਦੇ ਸਬੂਤ:

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਪਵਿੱਤਰ ਆਤਮਾ ਕੋਈ ਊਰਜਾ ਜਾਂ ਸ਼ਕਤੀ ਹੈ ਅਤੇ ਵਿਅਕਤੀ ਨਹੀ ਹੈ। ਇਹ ਇੱਕ ਗਲਤੀ ਹੈ। ਨਵਾਂ ਨੇਮ ਸਿਖਾਉਂਦਾ ਹੈ ਕਿ ਪਵਿੱਤਰ ਆਤਮਾ ਵਿਅਕਤੀਤਵ ਅਤੇ ਪੂਰਣ ਪਰਮੇਸ਼ਰ ਹੈ। ਇੱਕ ਵਿਅਕਤੀ ਦੇ ਸਭ ਗੁਣ ਉਸ ਵਿੱਚ ਪਾਏ ਜਾਂਦੇ ਹਨ। ਉਸਦੀ ਚਤੁਰਤਾ ਹੇਠ ਲਿਖੇ ਪਦ ਵਿੱਚ ਦਿੱਤੀ ਗਈ ਹੈ:

**ਯੂਹੰਨਾਂ ੧੪:੨੬** "ਪਰ ਫਿਰ ਮਦਦਗਾਰ ਅਰਥਾਤ ਪਵਿੱਤਰ ਆਤਮਾ, ਜਿਸ ਨੂੰ ਪਿਤਾ ਮੇਰੇ ਨਾਂ ਉਤੇ ਘੱਲੇਗਾ, ਉਹ ਤੁਹਾਨੂੰ ਇਹ ਸਾਰੀਆਂ ਗੱਲਾਂ ਸਿਖਾਵੇਗਾ ਅਤੇ ਇਹ ਸਭ ਜੋ ਮੈਂ ਤੁਹਾਨੂੰ ਕਿਹਾ ਹੈ ਯਾਦ ਕਰਵਾਵੇਗਾ।"

**ਯੂਹੰਨਾਂ ੧੫:੨੬** "ਪਰ ਜਦੋਂ ਮਦਦਗਾਰ ਆਏਗਾ ਜਿਸ ਨੂੰ ਮੈਂ ਪਿਤਾ ਦੇ ਕੋਲੋਂ ਤੁਹਾਡੇ ਕੋਲ ਘਲਾਂਗਾ ਅਰਥਾਤ ਸਤ ਦਾ ਆਤਮਾ ਜੋ ਪਿਤਾ ਤੋਂ ਨਿਕਲਦਾ ਹੈ, ਮੇਰੇ ਬਾਰੇ ਗਵਾਹੀ ਦੇਵੇਗਾ।"

**ਰੋਮ ੮:੧੬** "ਪਰਮੇਸ਼ਰ ਦਾ ਆਤਮਾ ਆਪ ਸਾਡੀਆਂ ਆਤਮਾਵਾਂ ਨਾਲ ਮਿਲਕੇ ਸਾਖੀ ਭਰਦਾ ਹੈ ਕਿ ਅਸੀਂ ਉਸ ਦੀ ਸੰਤਾਨ ਹਾਂ।"

ਵੇਖੋ ਯੂਹੰਨਾਂ 14:26 ਅਤੇ ਯੂਹੰਨਾਂ 15:26 ਵਿੱਚ ਤ੍ਰਿਏਕਤਾ ਦੇ ਤਿੰਨ ਵਿਅਕਤੀ ਅਲੱਗ ਅਲੱਗ ਦੱਸੇ ਗਏ ਹਨ। ਉਸ ਨੂੰ ਸਹਾਇਕ, ਸੱਚਾਈ ਦਾ ਆਤਮਾ ਕਿਹਾ ਗਿਆ ਹੈ ਅਤੇ ਉਸ ਨੂੰ ਕੋਈ ਊਰਜਾ ਜਾਂ ਸ਼ਕਤੀ ਨਹੀ ਕਿਹਾ ਗਿਆ ਹੈ। ਪਵਿੱਤਰ ਆਤਮਾ ਕੋਲ ਆਪਣੀ ਇੱਛਾ ਹੈ ਜੋ ਕੇਵਲ ਸ਼ਕਤੀ ਬਾਰੇ ਨਹੀਂ ਕਹ ਸਕਦੇਂ ਹਾਂ   ਹੇਠ ਲਿਖੇ ਪਦਾਂ ਵਿੱਚ ਦੇਖੋ:

**ਰਸੂਲਾਂ ਦੇ ਕਰਤੱਬ ੧੬:੭** "ਜਦੋਂ ਉਹ ਮੁਸਿਯਾ ਦੀ ਹੱਦਾਂ ਤੇ ਪਹੁੰਚੇ ਤਾਂ ਉਹਨਾਂ ਬਿਥੁਨਿਯਾ ਵਿਚ ਜਾਣ ਦੀ ਕੋਸ਼ਿਸ਼ ਕੀਤੀ। ਪਰ ਯਿਸੂ ਦੀ ਆਤਮਾ ਨੇ ਉਹਨਾਂ ਨੂੰ ਆਗਿਆ ਨਾ ਦਿੱਤੀ।"

**੧ ਕੁਰਿੰਥੀਆਂ ੧੨:੧੧** "ਪਰ ਇਹ ਸਭ ਕੰਮ ਇਕੋ ਹੀ ਆਤਮਾ ਦੇ ਹਨ, ਜੋ ਆਪਣੀ ਇਛਾ ਨਾਲ ਹਰ ਇਕ ਨੂੰ ਵੱਖ-ਵੱਖ ਵੰਡਦਾ ਹਠ।"

ਹੋਰ ਵੀ ਕਈ ਕੰਮ ਹਨ ਜੋ ਕਿ ਉਹ ਕਰਦਾ ਹੈ, ਰਚਨਾ ਕਰਨੀ, ਖੋਜਣਾ, ਗਵਾਹੀ ਦੇਣੀ, ਹੁਕਮ ਦੇਣਾ, ਪ੍ਰਕਾਸ਼ ਦੇਣਾ, ਅਤੇ ਵਿਚੋਲਗੀ ਦੀ ਪ੍ਰਾਥਨਾ ਕਰਨਾ ਅਤੇ ਮੁਰਦਿਆਂ ਤੱਕ ਨੂੰ ਵੀ ਜਿਵਾਉਣਾ ਆਦਿ ਜੋ ਕਿ ਸਿਰਫ ਇੱਕ ਵਿਅਕਤੀ ਦੇ ਬਾਰੇ ਹੀ ਸੱਚ ਹੋ ਸਕਦੇ ਹਨ। ਜਿਵੇਂ ਕਿ ਹੇਠ ਲਿਖੇ ਪਦ   ਵਿਖਾਉਂਦੇ ਹਨ:

**ਉਪਤਤ ੧:੨** "ਤਾਂ ਉਸ ਸਮੇਂ ਧਰਤੀ ਬਿਨਾਂ ਕਿਸੇ ਰੂਪ ਦੇ ਅਤੇ ਸੁੰਨੀ ਸੀ। ਡੂੰਘੇ ਸਮੁੰਦਰ ਦੀ ਸਤਹ ਉਤੇ ਹਨੇਰਾ ਸੀ। ਪਰਮੇਸ਼ਰ ਦਾ ਆਤਮਾ ਪਾਣੀਆਂ ਉਤੇ ਮਡੰਲਾ ਰਿਹਾ ਸੀ।"

**੧ ਕਰਿੰਥੀਆਂ ੨:੧੦,੧੧** "ਪਰ ਪਰਮੇਸ਼ਰ ਨੇ ਉਹ ਸਭ ਸਾਡੇ ਉਤੇ ਆਪਣੇ ਆਤਮਾ ਦੇ ਦੁਆਰਾ ਪ੍ਰਗਟ ਕੀਤਾ ਹੈ। ਆਤਮਾ ਸਭ ਚੀਜ਼ਾਂ ਦੀ ਜਾਂਚ ਕਰਦਾ ਹੈ, ਇਥੋਂ ਤਕ ਕਿ ਪਰਮੇਸ਼ਰ ਦੇ ਗੁਪਤ ਭੇਤਾਂ ਦੀ ਗਹਿਰਾਈ ਦੀ ਵੀ। ਕਿਉਂਕਿ ਜਿਸ ਤਰ੍ਹਾਂ ਕੋਈ ਵੀ ਆਦਮੀ ਨੂੰ ਪੂਰਨ ਤੌਰ ਤੇ ਨਹੀਂ ਜਾਣਦਾ ਹੈ, ਸਿਵਾਏ ਉਸ ਦੇ ਅੰਦਰਲੇ ਆਤਮਾ

ਦੇ। ਇਸੇ ਤਰ੍ਹਾਂ ਪਰਮੇਸ਼ਰ ਨੂੰ ਵੀ ਅੰਦਰਲੇ ਆਤਮਾ ਦੇ। ਇਸੇ ਤਰ੍ਹਾਂ ਪਰਮੇਸ਼ਰ ਨੂੰ ਵੀ ਕੋਈ ਨਹੀਂ ਜਾਣਦਾ ਹੈ, ਸਿਵਾਏ ਉਸ ਦੇ ਆਪਣੇ ਆਤਮਾ ਦੇ।”

**ਯੂਹੰਨਾਂ ੧੪:੨੬** “ਪਰ ਫਿਰ ਮਦਦਗਾਰ ਅਰਥਾਤ ਪਵਿੱਤਰ ਆਤਮਾ, ਜਿਸ ਨੂੰ ਪਿਤਾ ਮੇਰੇ ਨਾਂ ਉਤੇ ਘੱਲੇਗਾ, ਉਹ ਤੁਹਾਨੂੰ ਇਹ ਸਾਰੀਆਂ ਗੱਲਾਂ ਸਿਖਾਵੇਗਾ ਅਤੇ ਇਹ ਸਭ ਜੋ ਮੈਂ ਤੁਹਾਨੂੰ ਕਿਹਾ ਹੈ ਯਾਦ ਕਰਵਾਵੇਗਾ।”

**ਰਸੂਲਾਂ ਦੇ ਕਰਤੱਬ ੮:੨੯** “ਪਵਿੱਤਰ ਆਤਮਾ ਨੇ ਫਿਲਪੁਸ ਨੂੰ ਕਿਹਾ, “ਅੱਗੇ ਵੱਧ ਅਤੇ ਇਸ ਰੱਥ ਨੇ ਨਾਲ ਜੋ ਜਾ।”

**ਯੂਹੰਨਾਂ ੧੫:੨੬** “ਪਰ ਜਦੋਂ ਮਦਦਗਾਰ ਆਏਗਾ ਜਿਸ ਨੂੰ ਮੈਂ ਪਿਤਾ ਦੇ ਕੋਲੋਂ ਤੁਹਾਡੇ ਕੋਲ ਘਲਾਂਗਾ ਅਰਥਾਤ ਸਤ ਦਾ ਆਤਮਾ ਜੋ ਪਿਤਾ ਤੋਂ ਨਿਕਲਦਾ ਹੈ, ਮੇਰੇ ਬਾਰੇ ਗਵਾਹੀ ਦੇਵੇਗਾ।”

ਸਾਡੇ ਪ੍ਰਭੂ ਦੀ ਸਿੱਖਿਆ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਜੋ ਕਿ ਉਨ੍ਹਾਂ ਦੇ ਯੂਹੰਨਾਂ 14 ਤੋਂ 16 ਤੱਕ ਦਿੱਤੀ ਹੈ ਕਿ ਪਵਿੱਤਰ ਆਤਮਾ ਇੱਕ ਵਿਅਕਤੀ ਹੈ। ਤੀਸਰਾ ਵਿਸ਼ੇਸਣ ਇਸਤੇਮਾਲ ਕੀਤਾ ਗਿਆ ਹੈ ਭਾਵੇਂ ਕਿ ਆਤਮਾ ਵਾਸਤੇ ਜੋ ਸ਼ਬਦ ਹੈ ਉਹ ਨਾ ਆਦਮੀ ਵਾਸਤੇ ਹੈ ਅਤੇ ਨਾ ਔਰਤ ਵਾਸਤੇ ਹੈ।
ਯਿਸੂ ਦੀ ਤਰਾਂ ਈਸਵਰੀ ਸਿੱਧਤਾ ਪਵਿੱਤਰ ਆਤਮਾ ਦੇ ਕੋਲ ਵੀ ਹੈ।

**ਉਹ ਸਰਬ ਵਿਆਪੀ ਹੈ ਜਿਵੇਂ ਕਿ ਅਸੀਂ 139 ਜਬੂਰ ਵਿੱਚ ਵੇਖਦੇ ਹਾਂ:**

**ਜਬੂਰ ੧੩੯:੭-੧੦** “ਹੇ ਪ੍ਰਭੂ ਮੈ ਤੇਰੀ ਰੂਹ ਤੋਂ ਲੁਕ ਕੇ ਕਿਥੇ ਜਾਵਾਂ? ਮੈਂ ਤੇਰੇ ਸਾਹਮਣਿਓ ਨੱਠ ਕੇ ਕਿਥੇ ਜਾਵਾਂ? ਜੇਕਰ ਸਵਰਗ ਵਿਚ ਜਾਵਾਂ, ਤਾਂ ਤੂੰ ਉਥੇ ਹੈ। ਜੇਕਰ ਮੈਂ ਪਤਾਲ ਵਿਚ ਉਤਰਾਂ, ਤਾਂ ਤੂੰ ਉਥੇ ਵੀ ਹੈ। ਜੇਕਰ ਮੈਂ ਪੂਰਬ ਦੀ ਦਿਸ਼ਾ ਵੱਲ ਉੱਡਾਂ ਜਾਵਾਂ; ਜਾਂ ਪੱਛਮ ਵੱਲ ਚਲਾ ਜਾਵਾਂ; ਪਰ ਤੂੰ ਉਥੇ ਵੀ ਮੇਰੀ ਅਗੁਵਾਈ ਕਰੇਗਾ, ਤੂੰ ਉਥੇ ਵੀ ਮੇਰੀ ਮਦਦ ਕਰੇਗਾ।”

ਹੇਠ ਲਿਖੇ ਵਚਨਾਂ ਵਿੱਚ ਪਵਿੱਤਰ ਆਤਮਾ ਨੂੰ **ਜਾਣੀ ਜਾਣ** ਕਿਹਾ ਗਿਆ ਹੈ।

**ਯਸਾਯਹ ੪੦:੧੩,੧੪** " ਕੀ ਪ੍ਰਭੂ ਨੂੰ ਕੋਈ ਇਸੇ ਕੰਮ ਨੂੰ ਕਰਨ ਲਈ ਆਗਿਆ ਦੇ ਸਕਦਾ ਹੈ? ਜਾਂ ਕੌਣ ਉਸ ਦਾ ਸਲਾਹਕਾਰ ਬਣ ਸਕਦਾ ਹੈ? ਕਿਸ ਤੋਂ ਪਰਮੇਸ਼ਰ ਕੋਈ ਜਾਣਕਾਰੀ ਪ੍ਰਾਪਤ ਕਰਨ ਲਈ ਪੁੱਛਦਾ ਹੈ? ਜਾਂ ਜਿਸ ਤੋਂ ਉਹ ਕਿਸ ਕੰਮ ਨੂੰ ਕਰਨ ਦੀ ਸਿਖਿਆ ਲੈਂਦਾ ਅਤੇ ਕਰਦਾ ਹੈ

**੧ ਕੁਰਿੰਥੀਆਂ ੨:੧੦** "ਪਰ ਪਰਮੇਸ਼ਰ ਨੇ ਉਹ ਸਭ ਸਾਡੇ ਉਤੇ ਆਪਣੇ ਆਤਮਾ ਦੇ ਦੁਆਰਾ ਪ੍ਰਗਟ ਕੀਤਾ ਹੈ। ਆਤਮਾ ਸਭ ਚੀਜ਼ਾਂ ਦੀ ਜਾਂਚ ਕਰਦਾ ਹੈ, ਇਥੋਂ ਤਕ ਕਿ ਪਰਮੇਸ਼ਰ ਦੇ ਗੁਪਤ ਭੇਤਾਂ ਦੀ ਗਹਿਰਾਈ ਦੀ ਵੀ।"

ਪਵਿੱਤਰ ਆਤਮਾ **ਸਰਬ ਸ਼ਕਤੀਮਾਨ** ਹੈ, ਹੇਠ ਲਿਖੇ ਵਚਨ ਇਹ ਸਿਖਾਉਂਦੇ ਹਨ:

**੧ ਕੁਰਿੰਥੀਆਂ ੧੨:੧੧** "ਪਰ ਇਹ ਸਭ ਕੰਮ ਇਕੋ ਹੀ ਆਤਮਾ ਦੇ ਹਨ, ਜੋ ਆਪਣੀ ਇਛਾ ਨਾਲ ਹਰ ਇਕ ਨੂੰ ਵੱਖ-ਵੱਖ ਵੰਡਦਾ ਹਠ।"

**ਰੋਮ ੧੫:੧੯** "ਚਿੰਨ੍ਹਾਂ, ਚਮਤਕਾਰਾਂ ਅਤੇ ਪਵਿੱਤਰ ਆਤਮਾ ਦੀ ਸ਼ਕਤੀ ਦੁਆਰਾ ਕੀ ਕੀਤਾ। ਮੈਂ ਯਰੂਸ਼ਲਮ ਤੋਂ ਸ਼ੁਰੂ ਕਰਕੇ ਇੱਲਰਿਕੁਮੁ ਦੇ ਆਲੇ ਦੁਆਲੇ ਕੇ ਇਲਾਕਿਆਂ ਵਿਚ ਮਸੀਹ ਦੇ ਸ਼ੁਭ ਸਮਾਚਾਰ ਦਾ ਪ੍ਰਚਾਰ ਪੂਰਨ ਤੌਰ ਤੇ ਕਰ ਦਿੱਤਾ ਹੈ।"

ਪਵਿੱਤਰ ਆਤਮਾ ਪੁੱਤਰ ਦੀ ਤਰਾਂ, ਰਚਨਾ ਕਰਦਾ ਹੈ, ਸੰਭਾਲਦਾ ਹੈ, ਨਵਾਂ ਬਣਾਉਂਦਾ ਹੈ ਅਤੇ ਮੁਰਦਿਆਂ ਨੂੰ ਜਿਵਾਉਂਦਾ ਹੈ।

**ਅੱਯੂਬ ੨੬:੧੩** "ਉਸ ਦੀ ਇਕ ਫੂਕ ਨਾਲ ਅਕਾਸ਼ ਸਾਫ਼ ਸਾਫ਼ ਹੋ ਗਏ, ਅਤੇ ਆਪਣੇ ਹਾਂਥ ਨਾਲ ਉਸ ਨੇ ਉਡਦੇ ਸੱਪ ਨੂੰ ਮਾਰ ਦਿੱਤਾ।"

**ਅੱਯੂਬ ੩੩:੪** "ਪਰਮੇਸ਼ਰ ਦੇ ਆਤਮਾ ਨੇ ਮੈਨੂੰ ਬਣਾਇਆ ਹੈ, ਅਤੇ ਉਸਨੂੰ ਮੈਨੂੰ ਜੀਵਨ ਦਿੱਤਾ ਹੈ।"

**ਜਬੂਰ ੧੦੪:੩੦** "ਪਰ ਤੇਰੇ ਸਾਹ ਫੂਕਦਿਆਂ ਹੀ, ਉਹਨਾਂ ਵਿਚ ਜਾਣ ਆ ਜਾਂਦੀ ਹੈ, ਅਤੇ ਉਹ ਹੀ ਧਰਤੀ ਨੂੰ ਨਵਾਂ ਜੀਵਣ ਦੇਂਦਾ ਹੈ।"

**ਰੋਮ ੮:੧੧** "ਜੇਕਰ ਪਰਮੇਸ਼ਰ ਦਾ ਆਤਮਾ ਜਿਸ ਨੇ ਯਿਸੂ ਨੂੰ ਮੁਰਦਿਆਂ ਵਿਚੋਂ ਜ਼ਿੰਦਾ ਕੀਤਾ ਸੀ, ਤੁਹਾਡੇ ਵਿਚ ਰਹਿੰਦਾ ਹੈ, ਤਾਂ ਜਿਸ ਨੇ ਮਸੀਹ ਨੂੰ ਮੁਰਦਿਆਂ ਵਿਚੋਂ ਜ਼ਿੰਦਾ ਕੀਤਾ ਹੈ, ਉਹ ਆਪਣੇ ਆਤਮਾ ਦੇ ਵਾਸ ਦੁਆਰਾ ਤੁਹਾਡੇ ਮਰਨਹਾਰ ਸਰੀਰਾਂ ਨੂੰ ਵੀ ਸੁਰਜੀਤ ਕਰੇਗਾ।"

ਪਵਿੱਤਰ ਆਤਮਾ ਦਾ ਈਸ਼ਰੀਪਨ ਇੱਕ ਘਟਨਾਂ ਵਿੱਚ ਜੋ ਕਿ ਰਸੂਲਾਂ ਦੇ ਕਰਤੱਬ 5 ਅਧਿਆਏ, ਜਿੱਥੇ ਪ੍ਰਾਚੀਨ ਕਲੀਸੀਯਾ ਦੇ ਲੋਕਾਂ ਨੇ ਆਪਣੀ ਜਾਇਦਾਦ ਵੇਚ ਕੇ ਅਤੇ ਕਲੀਸੀਯਾ ਨੂੰ ਦੇ ਦਿੱਤਾ ਕਿ ਉਹ ਦੂਸਰਿਆਂ ਦੀ ਮਦਦ ਕਰ ਸਕਣ। ਹਨਾਨਿਯਾ ਅਤੇ ਸਫੀਰਾ ਨੇ ਆਪਣੀ ਜਾਇਦਾਦ ਵੇਚ ਦਿੱਤਾ ਅਤੇ ਥੋੜਾ

ਹਿੱਸਾ ਹੀ ਦਿੱਤਾ ਪਰ ਉਨ੍ਹਾਂ ਨੇ ਇਹ ਵਿਖਾਇਆ ਕਿ ਉਨ੍ਹਾਂ ਸਭ ਕੁਝ ਦੇ ਦਿੱਤਾ। ਪਤਰਸ ਹਨਾਨਿਯਾਂ ਨੂੰ ਇੰਨਾਂ ਸ਼ਬਦਾ ਦੇ ਨਾਲ ਤਾੜਦਾ ਹੈਃ

**ਰਸੂਲਾਂ ਤੇ ਕਰਤੱਬ ੫:੩,੪** "ਇਸ ਤੇ ਪਤਰਸ ਨੇ ਕਿਹਾ, "ਹਨਾਨਿਯਾ ਤੇਰੇ ਮਨ ਵਿਚ ਕਿਉਂ ਸ਼ੈਤਾਨ ਆਇਆ ਕਿ ਤੂੰ ਪਵਿੱਤਰ ਆਤਮਾ ਨਾਲ ਝੂਠ ਬੋਲੇਂ ਅਤੇ ਜਾਇਦਾਦ ਦੇ ਮੁੱਲ ਦਾ ਕੁਝ ਹਿੱਸਾ ਆਪਣੇ ਲਈ ਪਿੱਛੇ ਰੱਖ ਲਵੇਂ? 4 ਕੀ ਵੇਚੇ ਜਾਣ ਤੋਂ ਪਹਿਲਾਂ ਜਾਇਦਾਦ ਤੇਰੀ ਨਹੀਂ ਸੀ? ਅਤੇ ਵਿਕਣ ਤੇ ਇਸ ਦਾ ਮੁੱਲ ਤੇਰੇ ਅਧਿਕਾਰ ਵਿਚ ਨਹੀਂ ਸੀ? ਫਿਰ ਤੂੰ ਇਹ ਕੰਮ ਕਰਨ ਦਾ ਵਿਚਾਰ ਆਪਣੇ ਮਨ ਵਿਚ ਕਿਉਂ ਕੀਤਾ? ਤੂੰ ਆਦਮੀਆਂ ਨਾਲ ਨਹੀਂ, ਸਗੋਂ ਪਰਮੇਸ਼ਰ ਨਾਲ ਝੂਠ ਬੋਲਿਆ ਹੈ।"

ਤਿੰਨ ਆਇਤ ਦੇ ਵਿੱਚ ਵੇਖੋ ਕਿ ਹਨਾਨਿਯਾ ਨੇ ਪਵਿੱਤਰ ਆਤਮਾ ਨਾਲ ਝੂਠ ਬੋਲਿਆ ਹੈ, ਪਰ 4 ਆਇਤ ਇਹ ਝੂਠ ਪਰਮੇਸ਼ਰ ਦੇ ਪ੍ਰਤੀ ਹੈ। ਇਹ ਪਦ ਵਿਖਾਉਂਦਾ ਹੈ ਕਿ ਪਵਿੱਤਰ ਆਤਮਾ ਪਰਮੇਸ਼ਰ ਹੈ।

ਪਵਿੱਤਰ ਆਤਮਾ ਉਹ ਵਿਅਕਤੀ ਹੈ ਜਿਸ ਦੇ ਨਾਮ ਵਿੱਚ ਹਰ ਇੱਕ ਵਿਸ਼ਵਾਸੀ ਨੂੰ ਬਪਤਿਸਮਾ ਲੈਣਾ ਪੈਂਦਾ ਹੈ। ਆਉ ਅਸੀਂ ਇਸ ਪਦ ਨੂੰ ਵੀ ਵੇਖੀਏ:

**ਮਤੀ ੨੮:੧੯** "ਇਸ ਲਈ ਜਾਉ ਸਭ ਕੌਮਾਂ ਨੂੰ ਚੇਲੇ ਬਣਾਉ, ਉਨ੍ਹਾਂ ਨੂੰ ਪਿਤਾ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਉ।"

ਵੇਖੋ "ਨਾਮ" ਸ਼ਬਦ ਇੱਕ ਵਚਨ ਹੈ, ਕਿਉਂਕਿ ਸਿਰਫ ਇੱਕ ਹੀ ਪਰਮੇਸ਼ਰ ਹੈ। ਪਰ ਇੱਥੇ ਤਿੰਨ ਨਾਮ ਦਿੱਤੇ ਹੋਏ ਹਨ ਜੋ ਇਸ ਇੱਕ ਨਾਮ ਵਿੱਚ ਸ਼ਾਮਿਲ ਹਨ। ਇਹ ਬਹੁਤ ਹੀ ਅਜੀਬ ਲੱਗੇਗਾ ਜੇਕਰ ਅਸੀਂ ਕਿਸੇ ਵਿਅਕਤੀ ਨੂੰ ਇੱਕ ਪਰਮੇਸ਼ਰ ਅਤੇ ਦੋ ਹੋਰ ਵਿਅਕਤੀਆਂ ਦੇ ਨਾਮ ਵਿੱਚ ਬਪਤਿਸਮਾ ਦੇਈਏ ਜੋ ਪਰਮੇਸ਼ਰ ਨਹੀ ਹੈ। ਇਹ ਨਿੰਦਾ ਹੋਵੇਗੀ।

ਤ੍ਰਿਏਕਤਾ ਦੇ ਤਿੰਨ ਵਿਅਕਤੀਆਂ ਦੇ ਨਾਮ ਦੇ ਉੱਪਰ ਇੱਕ ਈਸ਼ਵਰੀ ਬਰਕਤ ਵੀ ਬੋਲੀ ਗਈ ਹੈ:

**੨ ਕੁਰਿੰਥੀਆਂ ੧੩:੧੪** "ਪ੍ਰਭੂ ਯਿਸੂ ਮਸੀਹ ਦੀ ਕਿਰਪਾ ਪਰਮੇਸ਼ਰ ਦਾ ਪਿਆਰ ਅਤੇ ਪਵਿੱਤਰ ਆਤਮਾ ਦੀ ਸੰਗਤ, ਤੁਹਾਡੇ ਸਭ ਦੇ ਨਾਲ ਰਹੇ।"

ਇਹ ਅਧਿਆਏ ਸਿਰਫ ਪਵਿੱਤਰ ਤ੍ਰਿਏਕਤਾ ਦੇ ਤਿੰਨ ਵਿਅਕਤੀਆਂ ਦੀ ਹੀ ਗੱਲ ਨਹੀ ਕਰਦਾ ਹੈ ਸਗੋਂ ਯਿਸੂ ਨੂੰ ਪਹਿਲੇ ਨੰਬਰ ਤੇ ਰੱਖਿਆ ਗਿਆ ਹੈ। ਇਸ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਭ ਜਣੇ ਬਰਾਬਰ ਹਨ ਇਸੇ ਲਈ ਇਹ ਤਰਤੀਬ ਅਲੱਗ ਅਲੱਗ ਹੋ ਸਕਦੀ ਹੈ। ਹੋਰ

ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ, ਪਰ ਇਹ ਕਾਫੀ ਹੈ ਇਸ ਗੱਲ ਨੂੰ ਪ੍ਰਗਟ ਕਰਨ ਵਾਸਤੇ ਕਿ ਪਵਿੱਤਰ ਆਤਮਾ ਇੱਕ ਵਿਅਕਤੀਤਵ ਪਰਮੇਸ਼ਰ ਹੈ ਅਤੇ ਜਿਵੇਂ ਪੁੱਤਰ ਅਤੇ ਪਿਤਾ ਪਰਮੇਸ਼ਰ ਹੈ ਇਸੇ ਤਰ੍ਹਾ ਪਵਿੱਤਰ ਆਤਮਾ ਵੀ ਪਰਮੇਸ਼ਰ ਹੈ। ਪਵਿੱਤਰ ਆਤਮਾ ਦਾ ਪੰਤੇਕੁਤਸ ਦੇ ਦਿਨ ਉੱਤਰਨਾ ਤ੍ਰਿਏਕਤਾ ਦਾ ਪ੍ਰਕਾਸ਼ਨ ਹੈ ਕਿ ਉਹ ਸੰਪੂਰਣ ਹੈ।

# 5

# ਤਿੰਨੇ ਕਿਵੇਂ ਪਰਮੇਸ਼ਰ ਹੋ ਸਕਦੇ ਹਨ, ਜਦਕਿ ਅਸੀਂ ਇਹ ਕਹਿੰਦੇ ਹਾਂ ਕਿ ਇੱਕ ਹੀ ਪਰਮੇਸ਼ਰ ਹੈ?

ਲੋਕ ਗੜਬੜੀ ਵਿੱਚ ਪੈ ਜਾਂਦੇ ਹਨ ਜਦ ਅਸੀਂ ਤਿੰਨ ਜਣਿਆ ਦੀ ਗੱਲ ਕਰਦੇ ਹਾਂ ਕਿ ਉਹ ਪਰਮੇਸ਼ਰ ਹਨ, ਅਤੇ ਫਿਰ ਵੀ ਅਸੀਂ ਇਸ ਗੱਲ ਨੂੰ ਕਹਿੰਦੇ ਹਾਂ ਕਿ ਇੱਕ ਹੀ ਪਰਮੇਸ਼ਰ ਹੈ। ਕੀ ਇਹ ਇੱਕ ਸਪੱਸ਼ਟ ਗਲਤ ਗੱਲ ਨਹੀ ਹੈ? ਬਹੁਤ ਸਾਰੇ ਲੋਕ ਇਵੇਂ ਸੋਚਦੇ ਹਨ ਅਤੇ ਇਸੇ ਕਾਰਣ ਉਨ੍ਹਾਂ ਨੇ ਇਸ ਸਿੱਖਿਆ ਨੂੰ ਤਰਕਹੀਣ ਦੱਸ ਕੇ ਤਿਆਗ ਦਿੱਤਾ ਹੈ। ਕੀ ਇਹ ਸੱਚਮੁੱਚ ਹੈ? ਇਹ ਇੱਕ ਗਲਤ ਗੱਲ ਨਹੀ ਹੋ ਸਕਦੀ ਕਿਉਂਕਿ ਨਵਾਂ ਨੇਮ ਯਿਸੂ ਦੇ ਈਸਵਰੀ ਸੁਭਾਅ ਨੂੰ ਪਛਾਣਦਾ ਹੈ ਅਤੇ ਇਹ ਵੀ ਬਿਆਨ ਕਰਦਾ ਹੈ ਕਿ ਇੱਕ ਹੀ ਪਰਮੇਸ਼ਰ ਹੈ।

**੧ ਕਰਿੰਥੀਆਂ ੮:੩-੬** ਪਰ ਜੇਕਰ ਕੋਈ ਆਦਮੀ ਪਰਮੇਸ਼ਰ ਨੂੰ ਪਿਆਰ ਕਰਦਾ ਹੈ, ਤਾਂ ਪਰਮੇਸ਼ਰ ਉਸ ਦਾ ਧਿਆਨ ਕਰਦਾ ਹੈ। ਫਿਰ ਮੂਰਤੀਆਂ ਦੇ ਸਾਹਮਣੇ ਚੜ੍ਹਾਏ ਭੋਜਨ ਦੇ ਖਾਣ ਸੰਬੰਧੀ: ਇਸ ਬਾਰੇ ਅਸੀਂ ਜਾਣਦੇ ਹਾਂ ਕਿ ਸੰਸਾਰ ਵਿਚ ਮੂਰਤੀ ਅਰਥਾਤ ਦੇਵਤਾ ਨਾਂ ਦੀ ਕੋਈ ਚੀਜ਼ ਨਹੀਂ ਹੈ, ਕਿਉਂਕਿ ਪਰਮੇਸ਼ਰ ਇਕ ਹੀ ਹੈ, ਬਹੁਤ ਨਹੀਂ। ਬੇਸ਼ਕ ਅਕਾਸ਼ ਅਤੇ ਧਰਤੀ ਤੇ ਬਹੁਤ ਸਾਰੇ ਦੇਵਤਾ ਹਨ, ਜਿਸ ਤਰ੍ਹਾਂ ਕਿ ਬਹੁਤ ਸਾਰੇ ਦੇਵਤਾ ਅਤੇ ਪ੍ਰਭੂ ਵੀ ਹਨ। ਪਰ ਫਿਰ ਵੀ ਸਾਡਾ ਇਕ ਹੀ ਪਰਮੇਸ਼ਰ ਹੈ, ਜੋ ਸਾਡਾ ਪਿਤਾ ਹੈ, ਜੋ ਸਭ ਵਸਤਾਂ ਦਾ ਸੋਮਾ ਹੈ ਅਤੇ ਜਿਸ ਦੇ ਲਈ ਅਸੀਂ ਜੀ ਰਹੇ ਹਾਂ। ਇਸੇ ਤਰ੍ਹਾਂ ਸਾਡਾ ਇਕ ਹੀ ਪ੍ਰਭੂ ਹੈ, ਅਰਥਾਤ ਯਿਸੂ ਮਸੀਹ, ਜਿਸ ਦੇ ਨਾਂ ਦੇ ਦੁਆਰਾ ਅਸੀਂ ਸਭ ਜੀਉਂਦੇ

ਹਾਂ। ਰਸੂਲ ਪੋਲੁਸ ਸਪੱਸ਼ਟ ਤਰੀਕੇ ਨਾਲ ਬਿਆਨ ਕਰਦਾ ਹੈ "ਇੱਕ ਹੀ ਪਰਮੇਸ਼ਰ ਹੈ" (5 ਆਇਤ) ਪਰ 6 ਆਇਤ ਦੇ ਵਿੱਚ ਉਹ ਸਿਰਫ ਪਿਤਾ ਪਰਮੇਸ਼ਰ ਦੇ ਬਾਰੇ ਵਿੱਚ ਇਹ ਸ਼ਬਦਾਵਲੀ ਇਸਤੇਮਾਲ ਨਹੀ ਕਰਦਾ ਬਲਕਿ ਉਹ ਇਹ ਭਾਸ਼ਾ ਯਿਸੂ ਮਸੀਹ ਲਈ ਵੀ ਵਰਤਦਾ ਹੈ। ਉਸ ਨੂੰ ਪਰਮੇਸ਼ਰ ਦੇ ਬਰਾਬਰ ਰੱਖ ਕੇ ਇਹੋ ਜਿਹੀ ਭਾਸ਼ਾ ਦਾ ਪ੍ਰਯੋਗ ਕਰਨਾ ਨਿੰਦਾ ਹੋਵੇਗੀ, ਜੇਕਰ ਯਿਸੂ ਮਸੀਹ ਇੱਕ ਆਮ ਸ੍ਰਿਸਟੀ ਦੀ ਰਚਨਾ ਹੁੰਦਾ, ਭਾਵੇਂ ਉਹ ਕਿੰਨਾਂ ਵੀ ਉੱਪਰ ਹੁੰਦਾ। ਸਾਡੇ ਪ੍ਰਭੂ ਨੇ ਵੀ ਇਹ ਕਿਹਾ ਕਿ ਇੱਕ ਹੀ ਪਰਮੇਸ਼ਰ ਹੈ ਅਤੇ ਉਸ ਨੂੰ ਜੋ ਆਰਾਧਨਾ ਮਿਲਣੀ ਚਾਹੀਦੀ ਹੈ ਉਸ ਨੂੰ ਲੈਣ ਵਿੱਚ ਉਨ੍ਹਾਂ ਨੂੰ ਕੋਈ ਸਮੱਸਿਆ ਨਹੀ ਸੀ। ਹੇਠ ਲਿਖੇ ਪਦਾਂ ਵੱਲ ਵੇਖੋਃ

**ਮਤੀ ੧੯:੧੬,੧੭** "ਇਕ ਵਾਰ ਇਕ ਆਦਮੀ ਯਿਸੂ ਕੋਲ ਆ ਕੇ ਪੁੱਛਣ ਲਗਾ, "ਗੁਰੁ ਜੀ, ਅਨੰਤ ਜੀਵਣ ਦੀ ਪ੍ਰਪਾਤੀ ਲਈ ਮੈਂ ਕਿਹੜੀ ਭਲਾਈ ਕਰਾਂ?" ਯਿਸੂ ਨੇ ਉਸਨੂੰ ਉੱਤਰ ਦਿੱਤਾ, "ਤੂੰ ਮੈਨੂੰ ਭਲਾਈ ਦੇ ਬਾਰੇ ਕਿਉਂ ਪੂਛ ਰਿਹਾ ਹੈ? ਕੇਵਲ ਇਕ ਹੀ ਭਲਾ ਹੈ। ਬਸ ਜੇਕਰ ਤੂੰ ਅਨੰਤ ਜੀਵਨ ਚਾਹੁੰਦਾ ਹੈ, ਤਾਂ ਹੁਕਮਾਂ ਦੀ ਪਾਲਨਾ ਕਰ।"

**ਯੂਹੰਨਾਂ ੨੦:੨੮** "ਥੋਮਾ ਤੁਰੰਤ ਬੋਲ ਉਠਿਆ "ਮੇਰੇ ਪ੍ਰਭੂ, ਮੇਰੇ ਪਰਮੇਸ਼ਰ!"

ਇਸ ਅਖੀਰਲੇ ਪਦ ਵਿੱਚ ਯਿਸੂ ਨੇ ਥੋਮਾਂ ਨੂੰ ਡਾਟਿਆਂ ਨਹੀ ਕਿ ਉਸ ਨੇ ਉਸ ਨੂੰ "ਮੇਰੇ ਪਰਮੇਸ਼ਰ" ਕਿਉਂ ਕਿਹਾ। ਕਿਓਂਕਿ ਉਹ ਪਰਮੇਸ਼ਰ ਹੈ।

ਇਸ ਗੱਲ ਦੇ ਵਿੱਚੋਂ ਗੜਬੜੀ ਨੂੰ ਕੱਢਣ ਵਾਸਤੇ ਸਾਨੂੰ ਵਿਅਕਤੀ ਸ਼ਬਦ ਨੂੰ ਵੇਖਣਾ ਪਵੇਗਾ ਜੋ ਕਿ ਪਵਿੱਤਰ ਤ੍ਰਿਏਕਤਾ ਵਿੱਚ ਆਉਂਦਾ ਹੈ। ਸਾਨੂੰ ਇਸ ਨੂੰ ਇਸ ਤਰੀਕੇ ਨਾਲ ਨਹੀ ਪੈਣਾ ਚਾਹੀਦਾ ਹੈ ਕਿ ਤਿੰਨ ਅਲੱਗ ਅਲੱਗ ਵਿਅਕਤੀ ਹਨ ਜੋ ਕਿ ਪਰਮੇਸ਼ਰ ਹਨ। ਫਿਰ ਇਹ ਸੱਚ ਹੋਵੇਗਾ ਕਿ ਤਿੰਨ ਪਰਮੇਸ਼ਰ ਹਨ।

ਪਹਿਲੀ ਗੱਲ "ਵਿਅਕਤੀ" ਸ਼ਬਦ ਸਾਨੂੰ ਸਿਖਾਉਂਦਾ ਹੈ ਕਿ ਉਨ੍ਹਾਂ ਦੇ ਵਿੱਚ ਭਿੰਨਤਾ ਹੈ, ਪਰ ਇਸ ਭਿੰਨਤਾ ਦੇ ਨਾਲ ਵੀ ਤ੍ਰਿਏਕਤਾ ਦੇ ਵਿੱਚ ਕੋਈ ਅੰਤਰ ਨਹੀ ਹੈ। ਅਸੀਂ ਬਹੁਤ ਸਾਰੇ ਥਾਂ ਵੇਖਦੇ ਹਾਂ ਜਿੱਥੇ ਤਿੰਨਾਂ ਦਾ ਜਿਕਰ ਆਇਆ ਹੈ।

**ਲੂਕਾ ੧:੩੫** "ਦੂਤ ਨੇ ਉਸ ਨੂੰ ਉੱਤਰ ਦਿੱਤਾ ਕਿ ਪਵਿੱਤਰ ਆਤਮਾ ਤੇਰੇ ਉੱਪਰ ਆਵੇਗਾ ਅਰ ਅੱਤ ਮਾਹਾਨ ਦੀ ਕੁਦਰਤ ਤੇਰੇ ਉੱਪਰ ਛਾਇਆ ਕਰੇਗੀ ਇਸ ਕਰਕੇ ਜਿਹੜਾ ਜੰਮੇਗਾ ਉਹ ਪਵਿੱਤਰ ਅਤੇ ਪਰਮੇਸ਼ਰ ਦਾ ਪੁੱਤਰ ਕਹਿਲਾਏਗਾ।"

**ਮਤੀ ੨੮:੧੯** "ਇਸ ਲਈ ਜਾਉ ਅਤੇ ਸਭ ਕੌਮਾਂ ਨੂੰ ਚੇਲੇ ਬਣਾਉ ਅਤੇ ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਉ। ਉਨ੍ਹਾਂ ਨੂੰ ਉਹ ਸਭ ਗੱਲਾਂ ਮੰਨਣੀਆਂ ਸਿਖਾਉ ਜਿੰਨਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ।"

ਇਸ ਤੋਂ ਵੀ ਅੱਗੇ ਵਿਅਕਤੀ ਸ਼ਬਦ ਏਜੰਸੀ ਦੀ ਗੱਲ ਕਰਦਾ ਹੈ। ਇਹ ਪਿਤਾ ਹੈ ਜੋ ਪੁੱਤਰ ਨੂੰ ਘੱਲਦਾ ਹੈ। ਇਹ ਪੁੱਤਰ ਹੈ ਜੋ ਸਲੀਬ ਉੱਪਰ ਮਰਦਾ ਹੈ। ਅਤੇ ਇਹ ਪਵਿੱਤਰ ਆਤਮਾ ਹੈ ਜੋ ਵਿਸ਼ਵਾਸੀਆਂ ਨੂੰ ਪੱਵਿਤਰ ਬਣਾਉਂਦਾ ਹੈ। ਇਹ ਇੱਕ ਭੇਤ ਹੈ ਕਿ ਪਰਮੇਸ਼ਰ ਦੇ ਸਾਰੇ ਬਾਹਰੀ ਕੰਮ ਕਿਹਾ ਜਾ ਸਕਦਾ ਹੈ ਕਿ ਤ੍ਰਿਏਕ ਪਰਮੇਸ਼ਰ ਦੇ ਕੰਮ ਹਨ। ਫਿਰ ਵੀ ਹਰ ਇੱਕ ਜਨ ਇੱਕ ਖਾਸ ਕੰਮ ਕਰਦਾ ਨਜਰ ਆਉਂਦਾ ਹੈ। ਪਿਤਾ ਆਪਣੇ ਆਪ ਨੂੰ ਨਹੀ ਪੈਦਾ ਕਰਦਾ ਹੈ ਉਹ ਪੁੱਤਰ ਨੂੰ ਪੈਦਾ ਕਰਦਾ ਹੈ ਇਹ ਪੁੱਤਰ ਹੈ ਜੋ ਕਿ ਸਲੀਬ ਤੇ ਮਰਿਆ ਅਤੇ ਪਿਤਾ ਨਹੀ। ਆਤਮਾ ਪਿਤਾ ਨੂੰ ਨਹੀ ਭੇਜਦਾ ਹੈ।

ਤੀਜੀ ਗੱਲ, "ਵਿਅਕਤੀ" ਸ਼ਬਦ ਦਾ ਅਰਥ ਹੈ ਕਿ ਹਰ ਇੱਕ ਦੀ ਆਪ ਆਪਣਾ ਕੰਮ ਹੈ, ਭਾਵੇਂ ਕਿ ਅਸੀਂ ਇਸ ਗੱਲ ਨੂੰ ਪੂਰੀ ਤਰਾਂ ਦੱਸ ਨਹੀ ਸਕਦੇ ਹਾਂ ਕਿ ਇਸਦਾ ਅਸਲ ਦੇ ਵਿੱਚ ਕੀ ਅਰਥ ਹੈ। ਪੁੱਤਰ ਪੈਦਾ ਕੀਤਾ ਗਿਆ ਹੈ, ਪਵਿੱਤਰ ਆਤਮਾ ਪਿਤਾ ਅਤੇ ਪੁੱਤਰ ਤੋਂ ਆਇਆ ਹੈ ਲੇਕਿਨ ਪਿਤਾ ਨਾ ਪੈਦਾ ਹੋਇਆ ਅਤੇ ਨਾ ਹੀਂ ਉਹ ਪੁੱਤਰ ਤੇ ਪਵਿੱਤਰ ਆਤਮਾ ਵਿੱਚੋਂ ਘਲਿਆ ਗਿਆ।7

ਇਸ ਲਈ ਜਦ ਅਸੀਂ ਤਿੰਨਾਂ ਵਿਅਕਤੀਆਂ ਦੀ ਗੱਲ ਕਰਦੇ ਤਾਂ ਸਾਨੂੰ ਉਨ੍ਹਾਂ ਨੂੰ ਅਲੱਗ ਅਲੱਗ ਵਿਅਕਤੀ ਨਹੀ ਸਮਝਣਾ ਚਾਹੀਦਾ ਜਿਵੇਂ ਅਸੀਂ ਆਮ ਮਨੁੱਖਾਂ ਨੂੰ ਸਮਝਦੇ ਹਾਂ। ਤ੍ਰਿਏਕਤਾ ਦੇ ਵਿਅਕਤੀ ਕੋਈ ਵੀ ਇੱਕ ਸੁਭਾਅ ਨਹੀ ਰੱਖਦੇ ਹਨ ਅਤੇ ਇਸ ਲਈ ਇੱਕ ਹੀ ਪਰਮੇਸ਼ਰ ਹੈ। ਚਾਰਲਸ ਡਿੱਕਨਸ ਨੇ *"ਦੋ ਸ਼ਹਿਰਾਂ ਦੀ ਕਹਾਣੀ"* ਨਾਂ ਦੀ ਕਿਤਾਬ ਦੀ ਸ਼ੁਰੂਆਤ ਇੰਨ੍ਹਾਂ ਸ਼ਬਦਾਂ ਨਾਲ ਸ਼ੁਰੂ ਕਰਦਾ ਹੈ, "ਇਹ ਸਭ ਤੋਂ ਵਧੀਆ ਸਮਾਂ ਸੀ, ਇਹ ਸਭ ਤੋਂ ਘਟੀਆ ਸਮਾਂ ਸੀ" ਇਸ ਤਰਾਂ ਲੱਗਦਾ ਹੈ ਕਿ ਇਹ ਵਾਕ ਗਲਤ ਹੈ। ਪਰ ਇਹ ਨਹੀ ਹੈ। ਇਹ ਉਨ੍ਹਾਂ ਲੋਕਾਂ ਦੇ ਲਈ ਸਭ ਤੋਂ ਵਧੀਆ ਸਮਾਂ ਸੀ ਜੋ ਨਿਰਮਾਣ ਦੇ ਕਾਰੋਬਾਰ ਦੇ ਅੰਦੋਲਨ ਦੇ ਸਮੇਂ ਦੇ ਵਿੱਚ ਸਨ ਅਤੇ ਉਹ ਰਾਤੋ ਰਾਤ ਅਮੀਰ ਹੋ ਗਏ। ਇਹ ਉਨ੍ਹਾਂ ਲੋਕਾਂ ਦੇ ਲਈ ਸਭ ਤੋਂ ਘਟੀਆ ਸਮਾਂ ਸੀ, ਜਿੰਨਾਂ ਦੀਆਂ ਨੌਕਰੀਆਂ ਚਲੀਆਂ ਗਈਆਂ। ਸਾਨੂੰ ਤ੍ਰਿਏਕਤਾ ਦੇ ਬਾਰੇ ਵੀ ਇਸੇ ਤਰਾਂ ਸੋਚਣਾ ਚਾਹੀਦਾ ਹੈ। ਇੱਕ ਪਾਸੇ ਤੋਂ ਤਾਂ ਉਹ ਤਿੰਨ ਵਿਅਕਤੀ ਹਨ ਜੋ ਕਿ ਇੱਕ ਪਰਮੇਸ਼ਰ ਦਾ ਸੁਭਾਅ ਪੇਸ਼ ਕਰਦੇ ਹਨ ਇਸ ਲਈ ਹਰ ਇੱਕ ਨੂੰ ਪਰਮੇਸ਼ਰ ਕਿਹਾ ਜਾ ਸਕਦਾ ਹੈ। ਦੂਜੇ ਪਾਸੇ ਸਿਰਫ ਇੱਕ ਹੀ ਹੈ ਜੋ ਕਿ ਪਰਮੇਸ਼ਰ ਹੈ ਇਸ ਲਈ ਇਹ ਤਿੰਨ ਕਦੇ ਅਲੱਗ ਨਹੀ ਹੋ ਸਕਦੇ।

ਮੁਸਲਿਮ ਇਸ ਨੂੰ ਕੁਫਰ ਸਮਝਦੇ ਹਨ ਕਿ ਪਰਮੇਸ਼ਰ ਦਾ ਕੋਈ ਸਾਥੀ ਹੈ। ਉਹ ਯਿਸੂ ਨੂੰ ਅਲੱਗ ਤੋਂ ਇੱਕ ਵਿਅਕਤੀ ਦੇ ਤੋਰ ਤੇ ਵੇਖਦੇ ਹਨ ਜੋ ਕਿ ਪਰਮੇਸ਼ਰ ਕਹਿਲਾਉਂਦਾ ਹੈ। ਇਹ ਇੱਕ ਬਾਈਬਲ ਦੀ ਸਿੱਖਿਆ ਦੀ ਗਲਤ ਸਮਝ ਹੈ, ਕਿਉਂਕਿ ਯਿਸੂ ਕੋਈ ਹੋਰ ਵਿਅਕਤੀ ਨਹੀ ਬਲਕਿ ਖੁਦ ਪਰਮੇਸ਼ਰ ਹੈ। ਉਨ੍ਹਾਂ ਦੇ ਅੰਦਰ ਪਰਮੇਸ਼ਰ ਦਾ ਪੂਰਾ ਸੁਭਾਅ ਹੈ।

**ਕੁਲੁੱਸੀਆਂ ੨:੯** "ਮਸੀਹ ਵਿਚ ਪਰਮੇਸ਼ਰ ਨੇ ਆਪਣੀ ਸਾਰੀ ਭਰਪੂਰੀ ਨਾਲ ਸਰੀਰਕ ਤੌਰ ਤੇ ਵਾਸ ਕੀਤਾ ਹੈ।"

# 6

# ਤ੍ਰਿਏਕਤਾ ਦੀ ਸਿੱਖਿਆਂ ਦੇ ਬਾਰੇ ਵਿੱਚ ਗਲਤ ਉਦਹਾਰਣਾ:

1. *ਵਕਤਾ, ਸ਼ਬਦ ਜੋ ਬੋਲਿਆ ਗਿਆ, ਅਤੇ ਸਾਹ ਜਿਸਦੇ ਦੁਆਰਾ ਉਹ ਬੋਲਿਆ ਗਿਆ।* ਇਹ ਇਸ ਵਿਚਾਰ ਵੱਲ ਲੈ ਜਾਂਦਾ ਹੈ ਕਿ ਇੱਕ ਦੂਸਰੇ ਤੋਂ ਵੱਡਾ ਹੈ। ਜਿਵੇਂ ਕਿ ਬੋਲਣ ਵਾਲਾ ਸ਼ਬਦ ਤੋਂ ਵੱਡਾ ਹੈ ਅਤੇ ਸਾਹ ਤੋਂ ਵੱਡਾ ਹੈ।

2. *ਝਰਨਾ , ਬੁਲਬਲਿਆਂ ਵਾਲਾ ਝਰਨਾ, ਅਤੇ ਨਦੀ*। ਇਹ ਵੀ ਉਸੇ ਸੋਚ ਵੱਲ ਲੈ ਜਾਂਦਾ ਹੈ ਕਿ ਇੱਕ ਦੂਸਰੇ ਤੋਂ ਵੱਡਾ ਹੈ। ਇੱਕ ਝਰਨੇ ਤੋਂ ਬਿਨਾਂ ਨਦੀ ਜਾਂ ਬੁਲਬਲਿਆਂ ਵਾਲਾ ਝਰਨਾ ਹੋ ਹੀ ਨਹੀ ਸਕਦਾ। ਇਸ ਸੋਚ ਦੇ ਦੁਆਰਾ ਪਿਤਾ ਪਰਮੇਸ਼ਰ ਉਹ ਸੋਤਾ ਬਣ ਜਾਵੇਗਾ ਜਿਸ ਨੇ ਪੁੱਤਰ ਅਤੇ ਪਵਿੱਤਰ ਆਤਮਾ ਨੂੰ ਈਸ਼ਵਰਤਾ ਪ੍ਰਦਾਨ ਕੀਤੀ। ਪੁੱਤਰ ਅਤੇ ਆਤਮਾ ਦੋਵੇਂ ਪਰਮੇਸ਼ਰ ਦੇ ਵਿੱਚ ਬਰਾਬਰ ਹੈ। ਪੁੱਤਰ ਅਤੇ ਆਤਮਾ ਨੇ ਪਿਤਾ ਤੋਂ ਆਪਣੇ ਗੁਣ ਪ੍ਰਾਪਤ ਨਹੀ ਕੀਤੇ।

3. *ਰਾਜਾ, ਰਾਜਕੁਮਾਰ ਅਤੇ ਸ਼ਾਹੀ ਵਜੀਰ*, ਫਿਰ ਤੋਂ ਇੱਕ ਦੂਸਰੇ ਤੋਂ ਵੱਡਾ ਨਜ਼ਰ ਆ ਰਿਹਾ ਹੈ।

4. *ਪਿਤਾ, ਮਾਤਾ ਅਤੇ ਬੱਚਾ*। ਇੱਥੇ ਵੀ ਇੱਕ ਸਬੰਧ ਹੈ ਜੋ ਕਿ ਇੱਕ ਨੂੰ ਦੂਸਰੇ ਤੋਂ ਵੱਡਾ ਕਰਦਾ ਹੈ। ਬੱਚਾ ਆਪਣਾ ਵਿਅਕਤੀਤਵ ਦੂਸਰੇ ਦੋਹਾਂ ਤੋਂ ਪ੍ਰਾਪਤ ਕਰਦਾ ਹੈ। ਇਸ ਦੇ ਨਾਲ ਹੀ, ਤ੍ਰਿਏਕਤਾ ਵਿੱਚ ਤਿੰਨ

ਅਲੱਗ ਅਲੱਗ ਵਿਅਕਤੀ ਹਨ। ਉਹ ਵਿਅਕਤੀ ਕਦੇ ਇੱਕ ਦੂਸਰੇ ਤੋਂ ਅਲੱਗ ਨਹੀ ਹੁੰਦੇ।

5. *ਇੱਕ ਕਾਰੋਬਾਰ ਦੇ ਤਿੰਨ ਮੈਂਬਰ*। ਇਹ ਵਧੀਆ ਨਹੀ ਹੈ, ਕਿਉਂਕਿ ਇਹ ਤਿੰਨਾਂ ਨੂੰ ਅਲੱਗ ਅਲੱਗ ਕਰ ਦਿੰਦਾ ਹੈ। ਇਹ ਤਿੰਨ ਪਰਮੇਸ਼ਰ ਦੀ ਸਿੱਖਿਆ ਨੂੰ ਲੈ ਆਵੇਗਾ। ਭਾਵੇਂ ਉਹ ਤਿੰਨ ਭਿੰਨ ਹਨ ਪਰ ਉਹ ਅਲੱਗ ਨਹੀ ਹੋ ਸਕਦੇ।

6. *ਆਤਮਾ, ਸਰੀਰ ਅਤੇ ਪ੍ਰਾਣ*। ਇਹ ਤਿੰਨ ਭਿੰਨ ਵਿਅਕਤੀਤਵਾਂ ਦਾ ਇਨਕਾਰ ਕਰਦੀ ਹੈ ਕਿਉਂਕਿ ਇੱਥੇ ਸਿਰਫ ਇੱਕ ਹੀ ਵਿਅਕਤੀ ਹੈ।

7. *ਸੂਰਜ, ਕਿਰਨਾਂ ਅਤੇ ਗਰਮੀ ਅਤੇ ਚੱਲਣਾ*। ਇਹੋ ਜਿਹੀ ਸੋਚ ਤਿੰਨ ਵਿਅਕਤੀਤਵਾਂ ਦਾ ਇਨਕਾਰ ਕਰਦੀ ਹੈ ਜੋ ਕਿ ਪਰਮੇਸ਼ਰ ਦੇ ਵਿੱਚ ਹੈ ਅਤੇ ਇਹ ਪਰਮੇਸ਼ਰ ਦੀ ਭਿੰਨਤਾਂ ਦਾ ਇਨਕਾਰ ਕਰਦੀ ਹੈ।

8. *ਤਿੰਨ ਗੁਬਾਰੇ, ਪੀਲਾ, ਲਾਲ ਅਤੇ ਨੀਲਾ, ਪਰ ਸਾਰੇ ਇੱਕ ਹੀ ਹਵਾ ਨਾਲ ਭਰੇ ਹੋਏ ਹਨ।* ਇਹ ਇਸ ਗੱਲ ਦਾ ਇਨਕਾਰ ਕਰਦੀ ਹੈ ਕਿ ਤਿੰਨਾਂ ਵਿੱਚ ਇੱਕ ਹੀ ਚੀਜ ਪਾਈ ਜਾਂਦੀ ਹੈ, ਕਿਉਂਕਿ ਜੋ ਹਵਾ ਇੱਕ ਗੁਬਾਰੇ ਵਿੱਚ ਹੈ, ਉਹ ਦੂਸਰੇ ਗੁਬਾਰੇ ਵਿੱਚ ਨਹੀ ਹੈ। ਭਾਵੇਂ ਕਿ ਉਹ ਇੱਕ ਹੀ ਕਿਸਮ ਦੀ ਕਿਉਂ ਨਾ ਹੋਵੇ। ਤ੍ਰਿਏਕਤਾ ਦੇ ਵਿੱਚ ਪਰਮੇਸ਼ਰਤਾਈ ਤਿੰਨਾਂ ਵਿੱਚ ਹੈ। ਕੁਲ 2:9

9. *ਪਾਣੀ, ਬਰਫ ਅਤੇ ਭਾਫ*। ਇਹ ਇਸ ਸੋਚ ਨੂੰ ਅੱਗੇ ਲੈ ਕੇ ਆਉਂਦੀ ਹੈ ਕਿ ਇੱਕ ਹੀ ਵਿਅਕਤੀ ਤਿੰਨਾਂ ਤਰਾਂ ਦੇ ਰੋਲ ਕਰ ਰਿਹਾ ਹੈ, ਜਿਵੇਂ ਇੱਕ ਐਕਟਰ ਐਕਟਿੰਗ ਕਰਦਾ ਹੈ। ਪਰ ਇਹ ਗੱਲ ਵੀ ਟੁੱਟ ਜਾਂਦੀ ਹੈ ਕਿਉਂਕਿ ਫਿਰ ਉਹ ਤਿੰਨੇਂ ਇੱਕ ਹੀ ਸਮੇਂ ਦੇ ਉੱਪਰ ਇਕੱਠੇ ਨਹੀ ਆ ਸਕਦੇ। ਪਰ ਬਾਣੀ ਦੇ ਵਿੱਚ ਤਿੰਨ ਅਲੱਗ ਅਲੱਗ ਵਿਅਕਤੀ ਹਨ।

10. *ਪਿਤਾ, ਪੁੱਤਰ ਅਤੇ ਪਤੀ*। ਫਿਰ ਤੋਂ ਇੱਕ ਹੀ ਵਿਅਕਤੀ ਨੂੰ ਅਲੱਗ ਅਲੱਗ ਨਾਮ ਦਿੱਤੇ ਗਏ ਹਨ। ਪਰ ਇੱਕ ਹੀ ਵਿਅਕਤੀ ਹੈ ਜਦ ਕਿ ਵਚਨ ਦੇ ਵਿੱਚ ਤਿੰਨ ਅਲੱਗ ਅਲੱਗ ਵਿਅਕਤੀ ਹਨ।

11. *ਇੱਕ ਕੇਕ ਦਾ ਸਾਮਾਨ- ਆਟਾ, ਅੰਡੇ ਅਤੇ ਪਾਣੀ*। ਇਹ ਤਿੰਨ੍ਹਾਂ ਵਿਅਕਤੀਤਵਾਂ ਦੀ ਈਸ਼ਵਰਤਾ ਦਾ ਇਨਕਾਰ ਕਰਦੀ ਹੈ, ਕਿਉਂਕਿ ਉਹ ਇੱਕ ਦੂਸਰੇ ਤੋਂ ਬਿਨਾਂ ਸੰਪੂਰਣ ਨਹੀ ਹਨ। ਪਰਮੇਸ਼ਰ ਨੂੰ ਵੇਖਿਆ ਜਾ ਰਿਹਾ ਹੈ ਕਿ ਉਹ ਹਿੱਸਿਆਂ ਤੋਂ ਬਣਿਆ ਹੋਇਆ ਹੈ ਅਤੇ ਉਸਦਾ ਕੋਈ ਵਿਅਕਤੀਤਵ ਨਹੀ ਹੈ।

12. *ਇੱਕ ਲੌਨਗ ਦੇ ਪੱਤੇ ਦੇ ਤਿੰਨ ਹਿੱਸੇ*। ਪਰਮੇਸ਼ਰ ਤਿੰਨ ਹਿੱਸਿਆਂ ਤੋਂ ਨਹੀ ਮਿਲਿਆ ਹੋਇਆ ਹੈ। ਪਰਮੇਸ਼ਰਤਾਈ ਦਾ ਜਰ ਇੱਕ ਹਿੱਸਾ ਪੂਰਾ ਪੱਤਾ ਹੈ। ਇੱਕ ਵਾਰ ਫਿਰ ਤੋਂ ਇੱਥੇ ਕੋਈ ਵਿਅਕਤੀਤਵ ਨਹੀ ਹੈ।

13. *ਸਮਾਂ- ਭੂਤਕਾਲ, ਵਰਤਮਾਨ ਕਾਲ ਅਤੇ ਭਵਿੱਖਕਾਲ*। ਇੱਥੇ ਤਿੰਨਾਂ ਦੀ ਗੱਲ ਹੋ ਰਹੀ ਹੈ ਪਰ ਇਹ ਵਿਚਾਰ ਇੰਨਾਂ ਮਜਬੂਤ ਨਹੀ ਹੈ। ਇੱਥੇ ਕੋਈ ਵੀ ਵਿਅਕਤੀਤਵ ਨਹੀ ਮਿਲਦਾ ਹੈ।

14. ਪ੍ਰੇਮੀ- ਪ੍ਰਮ ਕੀਤਾ ਅਤੇ ਪ੍ਰੇਮ। ਇੱਥੇ ਦੋ ਹੀ ਵਿਅਕਤੀ ਹਨ ਅਤੇ ਪਿਆਰ ਬਾਹਰਲਾ ਵਿਚਾਰ ਹੈ।

15. *ਲੰਬਾਈ, ਚੋੜਾਈ ਅਤੇ ਉਚਾਈ* ਇੱਕ ਵਾਰ ਫਿਰ ਇੱਥੇ ਵਿਅਕਤੀਤਵ ਦਾ ਵਿਚਾਰ ਨਹੀ ਹੈ।

ਲੋਕ ਹੋਰ ਵੀ ਬਹੁਤ ਸਾਰੀਆਂ ਉਦਹਾਰਣਾ ਦਿੰਦੇ ਹਨ। ਪਰ ਇਹ ਉਦਹਾਰਣਾ ਅਸੀਂ ਇਸ ਕਰਕੇ ਦਿੱਤੀਆਂ ਹਨ ਕਿ ਕੋਈ ਵੀ ਉਦਹਾਰਣ ਪਰਮੇਸ਼ਰ ਦੀ ਵਿਆਖਿਆ ਦੇਣ ਲਈ ਨਿਆਂ ਨਹੀ ਕਰਦੀ। ਉਹ ਵਿਲੱਖਣ ਹੈ। ਜੇਕਰ ਕੁਝ ਵੀ, ਉਦਹਾਰਣਾ ਦੇਣ ਦੀ ਕੋਸ਼ਿਸ ਅਕਸਰ ਹੀ ਝੂਠੀ ਸਿੱਖਿਆ ਦੇ ਵੱਲ ਲੈ ਜਾਂਦੀ ਹੈ। ਯਾਸ ਰੱਖੋ ਕਿ ਪਰਮੇਸ਼ਰ ਆਪਣੇ ਆਪ ਦੇ ਵਿੱਚ ਸਿਰਫ ਇੱਕ ਹੀ ਜਮਾਤ ਹੈ ਅਤੇ ਇਸ ਕਰਕੇ ਬ੍ਰਹਿਮੰਡ ਦੀ ਕੋਈ ਵੀ ਵਸਤੂ ਉਸਦੀ ਵਿਆਖਿਆ ਦੇਣ ਲਈ ਇਸਤੇਮਾਲ ਨਹੀ ਕੀਤੀ ਜਾ ਸਕਦੀ। ਉਸਨੇ ਆਪਣੇ ਆਪ ਦੀ ਵਿਆਖਿਆ ਖੁਦ ਸਾਨੂੰ ਕਰ ਕੇ ਦਿੱਤੀ ਹੈ। ਸਿਰਫ ਉਸ ਪ੍ਰਕਾਸ਼ ਦੇ ਦੁਆਰਾ ਹੀ ਨਹੀ ਜੋ ਉਸ ਨੇ ਆਪਣੇ ਵਚਨ ਵਿੱਚ ਦਿੱਤਾ ਹੈ, ਪਰ ਆਪਣੇ ਪੁੱਤਰ ਨੂੰ ਇਸ ਸੰਸਾਰ ਦੇ ਵਿੱਚ ਭੇਜ ਕੇ ਕਿ ਉਹ ਸਾਡੇ ਵਿੱਚ ਰਹਿ ਸਕੇ

ਆਪਣੇ ਆਪ ਨੂੰ ਪ੍ਰਕਾਸ਼ਿਤ ਕੀਤਾ ਹੈ। ਆਉ ਅਸੀਂ ਇਹੋ ਜਿਹੀਆਂ ਗੱਲਾਂ ਦਾ ਇਸਤੇਮਾਲ ਕਰਨ ਤੋਂ ਪ੍ਰਹੇਜ ਕਰੀਏ। ਪਰਮੇਸ਼ਰ ਨੂੰ ਕੋਣ ਸਮਝ ਸਕਦਾ ਹੈ, ਪਰ ਸਿਰਫ ਪਰਮੇਸ਼ਰ? ਪਰਮੇਸ਼ਰ ਸਾਨੂੰ ਉਸ ਦਿਸ਼ਾ ਵਿੱਚ ਜਾਣ ਤੋਂ ਰੋਕਦਾ ਹੈ ਜਦ ਅਸੀਂ ਇਨ੍ਹਾਂ ਵਚਨਾ ਨੂੰ ਪੜਦੇ ਹਾਂ:

**ਅੱਯੂਬ ੩੮:੨** "ਤੂੰ ਕੌਣ ਹੈ, ਜੋ ਆਪਣੇ ਆਗਿਆਨ ਦਾ ਸਹਾਰਾ ਲੈ ਕੇ, ਖਾਲੀ ਸ਼ਬਦਾਂ ਨਾਲ ਮੇਰੇ ਤੋਂ ਸਵਾਲ ਪੁੱਛਦਾ ਹੈ?"

**ਯਸਾਯਹ ੪੦:੨੫,੨੬** "ਤੁਸੀਂ ਮੈਨੂੰ ਕਿਹ ਦੇ ਵਰਗਾ ਦੱਸੋਗੇ, ਕਿ ਮੈਂ ਉਹ ਦੇ ਤੁੱਲ ਹਾਂ? ਪਵਿੱਤਰ ਪੁਰਖ ਆਖਦਾ ਹੈ। ਆਪਣੀਆਂ ਅੱਖਾਂ ਉਤਾਹਾਂ ਚੁੱਕੋ, ਅਤੇ ਵੇਖੋ ਭਈ ਕਿਹ ਨੇ ਇਨ੍ਹਾਂ ਨੂੰ ਸਾਜਿਆ ਜਿਹੜਾ ਇਨ੍ਹਾਂ ਦੀ ਸੈਨਾ ਨੂੰ ਗਿਣ ਕੇ ਬਾਹਰ ਲੈ ਜਾਂਦਾ ਹੈ, ਉਹ ਏਹਨਾਂ ਸਾਰਿਆਂ ਨੂੰ ਨਾਉ ਲੈ ਲੈ ਕੇ ਪੁਕਾਰਦਾ ਹੈ। ਉਹ ਦੀ ਵੱਡੀ ਸ਼ਕਤੀ ਨਾਲ ਅਤੇ ਉਹ ਦੇ ਡਾਢੇ ਬਲ ਦੇ ਕਾਰਣ ਇੱਕ ਦੀ ਵੀ ਕਮੀ ਨਹੀ ਹੁੰਦੀ"

# 7

# ਤ੍ਰਿਏਕਤਾ ਦੀ ਸਿੱਖਿਆ ਤੇ ਕੁਝ ਇਤਰਾਜ

ਮੈਂ ਕੁਝ ਇਤਰਾਜਾਂ ਦਾ ਸਾਹਮਣਾ ਕਰਨਾ ਚਾਹੂਮਦਾ ਹਾਂ ਜੋ ਕਿ ਅਕਸਰ ਹੀ ਕੀਤੇ ਜਾਂਦੇ ਹਨ। ਸਭ ਤੋਂ ਪਹਿਲਾਂ ਇਹ ਕਿਹਾ ਜਾਂਦਾ ਹੈ ਕਿ ਕੋਈ ਵੀ ਇਸ ਸਿੱਖਿਆ ਨੂੰ ਸਮਝ ਨਹੀ ਸਕਦਾ ਹੈ। ਅਤੇ ਇਸ ਕਰਕੇ ਇਹ ਅਰਥਹੀਨ ਹੈ ਕਿ ਅਸੀਂ ਕੋਈ ਸਿੱਖਿਆ ਦੀ ਪਰਵਾਹ ਕਰੀਏ ਜਿਸ ਨੂੰ ਅਸੀਂ ਸਮਝ ਨਹੀ ਸਕਦੇ ਹਾਂ। ਜੇਕਰ ਇਹ ਵਾਲਾ ਤਰਕ ਲਗਾਤਾਰ ਲਾਗੂ ਕੀਤਾ ਜਾਵੇ, ਤਾਂ ਅਸੀਂ ਬਹੁਤ ਸਾਰੀਆਂ ਗੱਲਾਂ ਤੇ ਵਿਸ਼ਵਾਸ ਨਹੀ ਕਰ ਪਾਵਾਂਗੇ ਕਿਉਂਕਿ ਅਸੀਂ ਉਨ੍ਹਾਂ ਨੂੰ ਸਮਝ ਨਹੀ ਪਾਉਂਦੇ ਹਨ। ਮੈਂ ਇਹ ਸਮਝ ਨਹੀ ਪਾਉਂਦਾ ਹਾਂ ਕਿ ਜਹਾਜ਼ ਕਿਵੇਂ ਉੱਡਦਾ ਹੈ, ਪਰ ਇਹ ਮੈਨੂੰ ਜਹਾਜ ਦੇ ਵਿਚ ਉਡਣ ਤੋਂ ਨਹੀ ਰੋਕ ਸਕਦਾ ਹੈ ਕਿ ਮੈਂ ਆਪਣੇ ਪਿਆਰੇ ਲੋਕਾਂ ਨੂੰ ਜਾ ਕੇ ਮਿਲ ਸਕਾਂ। ਇੱਕ ਵਿਅਕਤੀ ਜੋ ਕਿ ਤਿੰਨ ਖੇਤਰਾਂ ਵਾਲੇ ਸੰਸਾਰ ਦੇ ਵਿੱਚ ਰਹਿੰਦਾ ਹੈ ਸ਼ਾਇਦ ਉਹ ਚਾਰ ਖੇਤਰਾਂ ਦੇ ਬ੍ਰਹਿਮੰਡ ਨੂੰ ਨਹੀ ਸਮਝ ਸਕਦਾ ਹੈ ਕਿ ਉਹ ਕਿਹੋ ਜਿਹਾ ਵੇਖਣ ਵਿੱਚ ਲੱਗਦਾ ਹੈ ਪਰ ਉਹ ਇਹ ਨਹੀ ਕਹਿ ਸਕਦਾ, ਉਹ ਹੈ ਹੀ ਨਹੀ ਹੈ ਕਿਉਂਕਿ ਉਹ ਇਸ ਨੂੰ ਸਮਝ ਨਹੀ ਪਾਉਂਦਾ ਹੈ। ਇਸ ਦੇ ਦੁਆਰਾ ਇੱਕ ਆਦਮੀ ਸਭ ਚੀਜਾਂ ਨੂੰ ਮਾਪ ਸਕੇਗਾ। ਅਸੀਂ ਆਸ ਕਰਦੇ ਹਾਂ, ਕਿਉਂਕਿ ਪਰਮੇਸ਼ਰ ਵਿਲੱਖਣ ਅਤੇ ਨਾ ਮਾਪਿਆ ਜਾ ਸਕਦਾ ਹੈ, ਉਸ ਦੇ ਬਾਰੇ ਬਹੁਤ ਸਾਰੀਆਂ ਗੱਲਾਂ ਰਹਿਣਗੀਆਂ ਜਿਨ੍ਹਾਂ ਨੂੰ ਅਸੀਂ ਪੂਰੀ ਤਰ੍ਹਾਂ ਨਹੀ ਸਮਝ ਸਕਾਂਗੇ। ਪਰ ਪਰਮੇਸ਼ਰ ਨੇ ਸਾਡੇ ਉੱਪਰ ਬਹੁਤ ਸਾਰੀਆਂ ਗੱਲਾਂ ਪ੍ਰਗਟ ਕੀਤੀਆਂ ਹਨ ਅਤੇ ਸਾਡੇ ਬੱਚਿਆਂ ਨੂੰ ਵੀ

ਦਿਖਾਈਆਂ ਹਨ। (ਬਿਵਸਥਾਸਾਰ 29:29) ਉਸ ਨੇ ਇਹ ਚੀਜਾਂ ਇਸ ਕਰਕੇ ਸਾਡੇ ਤੇ ਪ੍ਰਗਟ ਕੀਤੀਆਂ ਹਨ ਕਿ ਅਸੀਂ ਉਨ੍ਹਾਂ ਨੂੰ ਸਮਝ ਸਕੀਏ ਅਤੇ ਸ਼ਾਇਦ ਪੂਰੀ ਤਰਾਂ ਨਹੀ। ਆਉ ਅਸੀਂ ਪਰਮੇਸ਼ਰ ਦਾ ਧੰਨਵਾਦ ਕਰੀਏ ਕਿ ਉਸ ਨੇ ਬਹੁਤ ਸਾਰੀਆਂ ਗੱਲਾਂ ਬੋਲੀਆਂ ਹਨ ਅਤੇ ਆਪਣੇ ਬਾਰੇ ਗੱਲਾਂ ਸਾਨੂੰ ਦੱਸੀਆਂ ਹਨ ਅਤੇ ਅਸੀਂ ਇਨ੍ਹਾਂ ਗੱਲਾਂ ਨੂੰ ਸਭਾਲ ਕੇ ਰੱਖੀਏ, ਭਾਵੇਂ ਕਿ ਇੰਨ੍ਹਾਂ ਵਿੱਚੋਂ ਬਹੁਤ ਸਾਰੀਆਂ ਗੱਲਾਂ ਹਾਲੇ ਭੇਤ ਦੀਆਂ ਹੀ ਹਨ। ਇਸ ਦੇ ਨਾਲ ਹੀ, ਜਿਹੜੇ ਪਰਮੇਸ਼ਰ ਨੂੰ ਅਸੀਂ ਪੂਰੀ ਤਰ੍ਹਾਂ ਸਮਝ ਪਾਉਂਦੇ ਹਾਂ ਉਹ ਸਾਡੀ ਹੀ ਕਾਢ ਦਾ ਇੱਕ ਦੇਵਤਾ ਹੈ ਅਤੇ ਉਹ ਸਤੁਤੀ ਅਤੇ ਆਰਾਧਨਾ ਦੇ ਯੋਗ ਨਹੀ ਹੈ।

ਦੂਸਰੀ ਗੱਲ, ਇੱਕ ਖਾਸ ਗੱਲ ਜੋ ਯਿਸੂ ਨੇ ਕਹੀ ਹੈ ਉਹ ਕੁਝ ਲੋਕਾਂ ਨੂੰ ਪ੍ਰੇਰਿਤ ਕਰਦੀ ਹੈ ਕਿ ਉਹ ਇਨਕਾਰ ਕਰਨ ਕਿ ਯਿਸੂ ਪਿਤਾ ਦੇ ਬਰਾਬਰ ਨਹੀ ਹੈ। ਅਤੇ ਇਹ ਆਇਤ ਹੈ ਯੂਹੰਨਾਂ 14:28 ਜਿੱਥੇ ਯਿਸੂ ਨੇ ਕਿਹਾ, “ਮੇਰਾ ਪਿਤਾ ਮੇਰੇ ਤੋਂ ਮਹਾਨ ਹੈ” ਇਹ ਵਾਕ ਉਸ ਸੰਦਰਭ ਦੇ ਵਿੱਚ ਸਮਝਣਾ ਚਾਹੀਦਾ ਹੈ ਜਿਸ ਵਿੱਚ ਯਿਸੂ ਆਪਣੇ ਵਿਚੋਲੇ ਹੋਣ ਦੀ ਗੱਲ ਕਰ ਰਹੇ ਹਨ ਕਿ ਉਨ੍ਹਾਂ ਨੂੰ ਪਿਤਾ ਨੇ ਭੇਜਿਆ ਹੈ। ਇਸ ਰਿਸ਼ਤੇ ਦੇ ਵਿੱਚ ਉਹ ਪਿਤਾ ਦਾ ਦਾਸ ਹੈ (ਯਸਾਯਹ 42:1) ਇਹ ਵਾਕ ਯੂਹੰਨਾਂ ਦੀ ਇੰਜੀਲ ਦੇ ਸੰਦਰਭ ਵਿੱਚ ਪੜੀ ਜਾਣੀ ਚਾਹੀਦੀ ਹੈ। ਜਿੱਥੇ ਯੂਹੰਨਾਂ ਇਸ ਗੱਲ ਨੂੰ ਸਪੱਸ਼ਟ ਕਰ ਦਿੰਦਾ ਹੈ ਕਿ ਯਿਸੂ ਪਰਮੇਸ਼ਰ ਹੈ ਅਤੇ ਉਹ ਪਿਤਾ ਦੇ ਬਰਾਬਰ ਹਨ। (ਯੂਹੰਨਾਂ 1:1–3; 3:13; 5:17–18; 8:58; 10:30; 14:6–9; 17:1–2; 20:28).

ਤੀਸਰਾ ਇਤਰਾਜ ਇਹ ਹੈ ਕਿ ਯਿਸੂ ਮਰ ਗਏ ਅਤੇ ਪਰਮੇਸ਼ਰ ਅਮਰ ਹੈ, ਫਿਰ ਯਿਸੂ ਕਿਵੇਂ ਪਰਮੇਸ਼ਰ ਹੋ ਸਕਦੇ ਹਨ? ਇਹ ਇੱਕ ਚੰਗਾ ਪ੍ਰਸਨ ਹੈ। ਜੇਕਰ ਇੱਕ ਵਿਅਕਤੀ ਆਪਣੇ ਪਾਪਾਂ ਤੋਂ ਬਚਣ ਜਾ ਰਿਹਾ ਹੈ ਤਾਂ ਇੱਕ ਜਗ੍ਹਾ ਲੈਣ ਵਾਲੇ ਦੀ ਲੋੜ ਸੀ ਜੋ ਕਿ ਉਸਦੇ ਪਾਪਾਂ ਦੀ ਸਜਾਂ ਜੋ ਉਸ ਨੂੰ ਮਿਲਣੀ ਸੀ, ਲੈ ਸਕੇ। ਜੋ ਕਿ ਪਰਮੇਸ਼ਰ ਦੇ ਕ੍ਰੋਧ ਨੂੰ ਲੈ ਸਕੇ ਜਿਸ ਨੂੰ ਉਸ ਵਿਅਕਤੀ ਨੇ ਇਹੋ ਜਿਹਾ ਬਣਾਇਆ ਸੀ। ਸਿਰਫ ਇੱਕ ਹੀ

ਵਿਅਕਤੀ ਸੀ ਜੋ ਕਿ ਮਨੁੱਖ ਨੂੰ ਬਚਾ ਸਕਦਾ ਸੀ ਅਤੇ ਉਹ ਸੀ ਪਰਮੇਸ਼ਰ, ਕਿਉਂਕਿ ਕੋਈ ਵੀ ਸ੍ਰਿਸਟੀ ਦੀ ਵਸਤੂ ਉਸ ਸਜ਼ਾ ਨੂੰ ਸਹਾਰ ਨਹੀ ਸਕਦੀ ਸੀ। ਪਰ ਪਰਮੇਸ਼ਰ ਅਮਰ ਹੈ ਅਤੇ ਉਹ ਮਰ ਨਹੀ ਸਕਦਾ। ਮਨੁੱਖ ਉਸ ਸਜ਼ਾ ਨੂੰ ਚੁੱਕ ਨਹੀ ਸੀ ਸਕਦਾ। ਇੱਥੇ ਕਿਸੇ ਦੀ ਲੋੜ ਸੀ ਜੋ ਕਿ ਪਰਮੇਸ਼ਰ ਵੀ ਹੋਵੇ ( ਤਾਂ ਕਿ ਸਜ਼ਾ ਚੁੱਕੀ ਜਾ ਸਕੇ) ਅਤੇ ਮਨੁੱਖ ਵੀ ਹੋਵੇ (ਤਾਂ ਕਿ ਉਹ ਮਰ ਸਕੇ) ਇਸ ਲਈ ਪਰਮੇਸ਼ਰ ਪੁੱਤਰ ਨੇ ਮਨੁੱਖੀ ਜਾਮਾ ਪਹਨਿ ਲਿਆ ਕਿ ਉਹ ਮਨੁੱਖ ਨੂੰ ਪਾਪਾਂ ਤੋਂ ਖਰੀਦ ਸਕੇ। ਇਸ ਇਤਰਾਜ਼ ਤੋਂ ਅਸੀਂ ਪਰਮੇਸ਼ਰ ਦੇ ਪੁੱਤਰ ਦੇ ਬਾਰੇ ਇੱਕ ਜਲਾਲੀ ਗੱਲ ਨੂੰ ਜਾਣ ਪਾਉਂਦੇ ਹਾਂ। ਜਿਸਨੇ ਸਾਡਾ ਸਰੀਰ ਲੈ ਲਿਆ ਕਿ ਉਹ ਸਾਨੂੰ ਛੁਟਕਾਰਾ ਦੇ ਸਕੇ। ਆਉ ਅਸੀਂ ਉਸ ਦੀ ਮੌਤ ਦਾ ਇਸਤੇਮਾਲ ਉਸਦੀ ਈਸ਼ਵਰਤਾਈ ਦਾ ਇਨਕਾਰ ਕਰਨ ਵਾਸਤੇ ਇਸਤੇਮਾਲ ਨਾ ਕਰੀਏ। ਉਸਦਾ ਸਾਡੇ ਪਾਪਾਂ ਵਾਸਤੇ ਬਲੀਦਾਨ ਪਰਮੇਸ਼ਰ ਨੇ ਗ੍ਰਹਿਣ ਕਰ ਲਿਆ ਸੀ  ਕਿਉਂਕਿ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਅਤੇ ਉਹ ਪਰਮੇਸ਼ਰ ਦੇ ਸੱਜੇ ਪਾਸੇ ਬਿਰਾਜਮਾਨ ਹੈ।

8

# ਤ੍ਰਿਏਕਤਾ ਦੀ ਸਿੱਖਿਆ ਦੀ ਮਹੱਤਤਾ:

ਇਹੀ ਸਿੱਖਿਆ ਬਾਈਬਲ ਦੇ ਵਿੱਚ ਜਿੰਨੀਆਂ ਵੀ ਗੱਲਾਂ ਹਨ ਉਨ੍ਹਾਂ ਦੇ ਅਰਥ ਤੇ ਚਾਨਣ ਪਾਉਂਦੀ ਹੈ, ਜਿਸ ਵਿੱਚ ਯਿਸੂ ਨੂੰ ਪਰਮੇਸ਼ਰ ਕਿਹਾ ਗਿਆ ਅਤੇ ਪਵਿੱਤਰ ਆਤਮਾ ਨੂੰ ਹੋਰ ਸਹਾਇਕ ਕਿਹਾ ਗਿਆ, ਜੋ ਕਿ ਯਿਸੂ ਦੀ ਜਗ੍ਹਾ ਤੇ ਆਇਆ ਜਦ ਯਿਸੂ ਸਰੀਰਕ ਤੋਰ ਤੇ ਆਪਣੇ ਚੇਲਿਆਂ ਤੋਂ ਦੂਰ ਚਲੇ ਗਏ। ਕੋਈ ਪਰਮੇਸ਼ਰ ਦੇ ਪੁੱਤਰ ਦੀ ਜਗ੍ਹਾਂ ਕਿਵੇਂ ਲੈ ਸਕਦਾ ਹੈ, ਜੇਕਰ ਉਹ ਖੁਦ ਵੀ ਪਰਮੇਸ਼ਰ ਨਾ ਹੋਵੇ?

ਬਹੁਤ ਸਾਰੇ ਲੋਕ ਪਰਮੇਸ਼ਰ ਦੀ ਗੱਲ ਕਰਦੇ ਹਨ ਅਤੇ ਉਸ ਨਾਲ ਸਬੰਧ ਹੋਣ ਦੀ ਗੱਲ ਕਰਦੇ ਹਨ, ਪਰ ਇਹ ਸਭ ਉਹ ਯਿਸੂ ਨੂੰ ਤਸਵੀਰ ਵਿੱਚ ਲਿਆਉਣ ਤੋਂ ਬਿਨਾਂ ਕਰਦੇ ਹਨ। ਵਚਨ ਦੇ ਅਨੁਸਾਰ ਇਹ ਅਸੰਭਵ ਹੈ। ਯਿਸੂ ਨੇ ਕਿਹਾ ਕੋਈ ਵੀ ਮੇਰੇ ਵਸੀਲੇ ਤੋਂ ਬਗੈਰ ਪਿਤਾ ਦੇ ਕੋਲ ਨਹੀ ਆ ਸਕਦਾ। ਯਿਸੂ ਮਸੀਹ ਤੋਂ ਬਾਹਰ ਪਰਮੇਸ਼ਰ ਭਸਮ ਕਰ ਦੇਣ ਵਾਲੀ ਅੱਗ ਹੈ। ਕਿਉਂਕਿ ਮਨੁੱਖ ਇੱਕ ਪਾਪੀ ਹੈ ਅਤੇ ਉਹ ਪਰਮੇਸ਼ਰ ਦੇ ਕ੍ਰੋਧ ਨੂੰ ਆਪਣੇ ਵਿਰੋਧ ਵਿੱਚ ਲੈ ਕੇ ਆਉਂਦਾ ਹੈ। ਸਦੀਪਕ ਜੀਵਨ ਦਾ ਵਿਵਰਣ ਸਾਡੇ ਪ੍ਰਭੂ ਦੇ ਦੁਆਰਾ ਇਨ੍ਹਾਂ ਸਬਦਾਂ ਦੇ ਦੁਆਰਾ ਕੀਤਾ ਗਿਆ ਹੈ।

**ਯੂਹੰਨਾਂ ੧੭:੩** "ਅਨੰਤ ਜੀਵਨ ਇਹ ਹੈਃ ਉਹ ਤੈਨੂੰ ਇਕ ਮਾਤਰ ਸੱਚੇ ਪਰਮੇਸ਼ਰ ਨੂੰ ਅਤੇ ਯਿਸੂ ਮਸੀਹ, ਜਿਸ ਨੂੰ ਤੂੰ ਘਲਿਆ ਹੈ ਜਾਣਨ।"

ਪਿਆਰੇ ਪਾਠਕ, ਪਰਮੇਸ਼ਰ ਦੇ ਕੋਲ ਕੋਈ ਨਹੀ ਆ ਸਕਦਾ ਜਦ ਤੱਕ ਅਸੀਂ ਉਸਦੇ ਪੁੱਤਰ ਯਿਸੂ ਮਸੀਹ ਦੇ ਦੁਆਰਾ ਨਹੀ ਆਉਂਦੇ ਹਾਂ। ਅਤੇ ਅਸੀਂ ਉਸਦਾ ਆਦਰ ਉਵੇਂ ਨਹੀ ਕਰਦੇ ਜਿਵੇਂ ਅਸੀਂ ਪਿਤਾ ਦਾ ਕਰਦੇ ਹਾਂ

(ਯੂਹੰਨਾਂ 5:22-23)। ਰਸੂਲ ਪੋਲੁਸ ਉਨ੍ਹਾਂ ਸਭ ਦੇ ਉੱਪਰ ਇੱਕ ਸ਼ਰਾਪ ਬੋਲਦੇ ਹਨ ਜੋ ਕਿ ਯਿਸੂ ਮਸੀਹ ਨੂੰ ਪਿਆਰ ਨਹੀ ਕਰਦੇ ਹਨ, ਕਿਉਂਕਿ ਯਿਸੂ ਮਸੀਹ ਨੂੰ ਪਿਆਰ ਨਹੀ ਕਰਨਾ, ਪਰਮੇਸ਼ਰ ਨੂੰ ਪਿਆਰ ਕਰਨਾ ਨਹੀ ਹੈ, ਕਿਉਂਕਿ ਉਹ ਪਰਮੇਸ਼ਰ ਹਨ। ਪਿਆਰੇ ਮਿੱਤਰੋ ਜੇਕਰ ਤੁਸੀਂ ਇੱਸ ਕੀਮਤੀ ਸੱਚਾਈ ਦਾ ਮਜਾਕ ਉਡਾਉਂਦੇ ਰਹੇ ਹੋ ਅਤੇ ਇਸ ਨੂੰ ਤੁੱਛ ਸਮਝਦੇ ਰਹੇ ਹੋ ਤਾਂ ਇਸ ਗੱਲ ਨੂੰ ਸਮਝ ਲਵੋ ਕਿ ਇੱਕ ਸਰਾਪ ਤੁਹਾਡੇ ਉੱਪਰ ਵੀ ਹੈ। ਆਪਣੀ ਮੂਰਖਤਾ ਤੋਂ ਮੁੜੋ ਅਤੇ ਪਰਮੇਸ਼ਰ ਦੇ ਪੁੱਤਰ ਯਿਸੂ ਦੇ ਅੱਗੇ ਆ ਕੇ ਝੁਕੋ ਅਤੇ ਹਾਲੇ ਜਦ ਤੀਕਰ ਕਿਰਪਾ ਹੈ ਉਸ ਤੋਂ ਮਾਫੀ ਮੰਗੋ। ਅਤੇ ਆਉ ਅਤੇ ਆ ਕੇ ਉਦੇ ਸਵਰਗ ਦੂਤਾਂ ਦੇ ਨਾਲ ਮਿਲ ਜਾਉ ਅਤੇ ਉਸਦੀ ਸਤੁਤੀ ਕਰੋ ਉਸ ਵਾਸਤੇ ਜੋ ਉਸ ਨੇ ਤੁਹਾਡੇ ਵਰਗੇ ਪਾਪੀ ਨੂੰ ਬਚਾਉਣ ਵਾਸਤੇ ਕੀਤਾ ਹੈ।

ਤ੍ਰਿਏਕਤਾ ਦੇ ਤਿੰਨ ਵਿਅਕਤੀਆਂ ਦੇ ਬਿਨਾਂ ਕੋਈ ਪਾਪੀ ਨਹੀ ਬਚ ਸਕਦਾ। ਪਿਤਾ ਨੇ ਸਾਨੂੰ ਸਦੀਪਕ ਕਾਲ ਤੋਂ ਪਿਆਰ ਕੀਤਾ ਅਤੇ ਸਾਨੂੰ ਮੁਕਤੀ ਦੇ ਲਈ ਚੁਣ ਲਿਆ। ਅਤੇ ਸਾਨੂੰ ਆਪਣੇ ਪੁੱਤਰ ਦੇ ਰੂਪ ਵਿੱਚ ਇੱਕ ਤੋਹਫਾ ਦਿੱਤਾ। ਇਹ ਪਿਤਾ ਸੀ ਜਿਸ ਨੇ ਆਪਣੇ ਇਕਲੌਤੇ ਪੁੱਤਰ ਨੂੰ ਦੇ ਦਿੱਤਾ ਕਿ ਉਹ ਸਲੀਬ ਉੱਤੇ ਮਰੇ ਤਾਂ ਕਿ ਉਹ ਸਾਨੂੰ ਪਾਪ ਤੋਂ ਖਰੀਦ ਸਕੇ। ਇਹ ਪੁੱਤਰ ਸੀ ਜੋ ਕਿ ਪਿਤਾ ਦੀ ਪਿਆਰਾ ਸੀ ਅਤੇ ਉਸਦੀ ਮਰਜੀ ਪੂਰੀ ਕਰਨ ਦੇ ਵਿੱਚ ਉਸਦੀ ਖੁਸੀ ਸੀ ਅਤੇ ਉਸ ਨੇ ਮੌਤ ਤੱਕ ਆਗਿਆਕਾਰੀ ਰਹਿ ਕੇ ਉਸ ਨੂੰ ਮਹਿਮਾ ਦਿੱਤੀ। ਉਸਦੀ ਬਿਵਸਥਾ ਦੀ ਭਰਪੂਰੀ ਅਤੇ ਮੌਤ ਅਤੇ ਦੁੱਖ ਜੋ ਉਸ ਨੇ ਸਹੇ ਉਸਨੇ ਪਾਪੀਆਂ ਦੇ ਵਾਸਤੇ ਮੁਕਤੀ ਨੂੰ ਖਰੀਦ ਕੇ ਦਿੱਤਾ। ਅਤੇ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਅਤੇ ਹੁਣ ਉਹ ਪਿਤਾ ਦੇ ਸੱਜੇ ਪਾਸੇ ਬੈਠਾ ਹੈ। ਇਹ ਪਵਿੱਤਰ ਆਤਮਾ ਦਾ ਖਾਸ ਕੰਮ ਹੈ ਕਿ ਉਹ ਯਿਸੂ ਦੇ ਕੰਮ ਨੂੰ ਲੋਕਾਂ ਦੇ ਦਿਲਾਂ ਦੇ ਵਿੱਚ ਲਾਗੂ ਕਰੇ, ਕਿਉਂਕਿ ਸੁਭਾਅ ਤੋਂ

ਉਹ ਪਾਪੀ ਹਨ। ਉਹ ਇਹ ਕੰਮ ਆਤਮਿਕ ਜਨਮ ਦੇ ਦੁਆਰਾ ਦਿੰਦਾ ਹੈ ਅਤੇ ਉਨ੍ਹਾਂ ਦੇ ਅੰਦਰ ਵਿਸ਼ਵਾਸ ਪੈਦਾ ਕਰਨ ਦੇ ਦੁਆਰਾ ਦਿੰਦਾ ਹੈ ਕਿ ਉਹ ਪਰਮੇਸ਼ਰ ਦੇ ਪੁੱਤਰ ਤੇ ਵਿਸ਼ਵਾਸ ਕਰ ਸਕਣ ਅਤੇ ਬਚਾਏ ਜਾ ਸਕਣ। ਉਹ ਉਨ੍ਹਾਂ ਨੂੰ ਪਵਿੱਤਰ ਕਰਦਾ ਹੈ ਅਤੇ ਉਨ੍ਹਾਂ ਨੂੰ ਪੁੱਤਰ ਦੇ ਸਰੂਪ ਉੱਤੇ ਬਣਾਉਂਦਾ ਹੈ। ਕਿੱਡਾ ਵੱਡਾ ਕਰਜ ਅਤੇ ਧੰਨਵਾਦ ਹੈ ਜੋ ਅਸੀਂ ਪਵਿੱਤਰ ਤ੍ਰਿਏਕਤਾ ਦੇ ਪ੍ਰਤੀ ਦੇਣਾ ਹੈ ਜਿਸ ਨੇ ਸਾਨੂੰ ਅਨੋਖੀ ਮੁਕਤੀ ਦਿੱਤੀ ਹੈ ਅਤੇ ਜਿਸ ਵਿੱਚ ਏਡਾ ਵੱਡਾ ਬਲੀਦਾਨ ਹੋਇਆ ਹੈ। (ਅਫਸੀਆਂ 1:1-11; ਰੋਮ 8:28-29; ਯੂਹੰਨਾਂ3:16; ਯੂਹੰਨਾਂ 17:1-5; ਫਿੱਲਿਪਆਂ 2:6-11; ਰੋਮ 6; ਅਫਸੀਆਂ 2:1-4)।

ਸਿਰਫ ਤ੍ਰਿਏਕਤਾ ਦੀ ਸਿੱਖਿਆਂ ਹੀ ਹੈ ਜੋ ਕਿ ਸਾਨੂੰ ਮਦਦ ਕਰਦੀ ਹੈ ਕਿ ਅਸੀਂ ਪਰਮੇਸ਼ਰ ਦੇ ਬਾਰੇ ਚੰਗੀ ਤਰਾਂ ਸੋਚ ਸਕੀਏ। ਜੇਕਰ ਅਸੀਂ ਤ੍ਰਿਏਕਤਾ ਦੇ ਬਾਰੇ ਵਿੱਚ ਨਹੀ ਸੋਚਦੇ ਹਾਂ ਤਾਂ ਪਰਮੇਸ਼ਰ ਦਾ ਵਿਚਾਰ ਸਾਡੇ ਦਿਮਾਗਾਂ ਨੂੰ ਇੱਕ ਭੂਤ ਵਰਗਾ ਲੱਗੇਗਾ। ਸੁਣੋ ਦੋ ਮਾਹਾਨ ਧਰਮ ਸ਼ਾਸਤਰੀਆਂ, ਜੋਹਨ ਕਾਲਵਿਨ ਅਤੇ ਹਰਮਨ ਵਿਟਸਿਅਸ ਨੇ ਲੰਬਾ ਸਮਾਂ ਪਹਿਲਾਂ ਕੀ ਲਿਖਿਆ:

> "ਪਰਮੇਸ਼ਰ ਆਪਣੇ ਆਪ ਨੂੰ ਇੱਕ ਹੋਰ ਖਾਸ ਚਿੰਨ੍ਹ ਦੇ ਦੁਆਰਾ ਪ੍ਰਗਟ ਕਰਦੇ ਹਨ ਜੋ ਕਿ ਮੂਰਤੀਆਂ ਤੋਂ ਬਹੁਤ ਅਲੱਗ ਹੈ। ਉਹ ਆਪਣੇ ਆਪ ਨੂੰ ਇੱਕ ਹੀ ਪਰਮਸ਼ਰ ਦੇ ਰੂਪ ਦੇ ਵਿੱਚ ਪ੍ਰਗਟ ਕਰਦੇ ਹਨ ਜਿਨਾਂ ਨੂੰ ਤਿੰਨ ਵਿਅਕਤੀਆਂ ਦੇ ਦੁਆਰਾ ਸਮਝਿਆ ਜਾ ਸਕਦਾ ਹੈ। *ਜਦ ਤੱਕ ਅਸੀਂ ਇਨਾਂ ਨੂੰ ਨਹੀ ਸਮਝਦੇ ਹਾਂ, ਤਦ ਤੱਕ ਪਰਮੇਸ਼ਰ ਦਾ ਖਾਲੀ ਨਾਮ ਸਾਡੇ ਦਿਮਾਗਾਂ ਦੇ ਵਿੱਚ ਘੁੰਮਦਾ ਰਹੇਗਾ ਅਤੇ ਇੱਥੋਂ ਤੱਕ ਕਿ ਅਸੀਂ ਸੱਚੇ ਜਿਉਂਦੇ ਪਰਮੇਸ਼ਰ ਨੂੰ ਵੀ ਬਾਹਰ ਕੱਢ ਕੇ ਰੱਖਾਂਗੇ*"। 8
>
> .....ਇਹ ਜਰੂਰੀ ਹੈ ਕਿ ਸਭ ਚੀਜਾਂ ਤੋਂ ਉੱਪਰ, ਮਨੁੱਖੀ ਸਮਝ ਦੇ ਲਈ, ਜੇ ਅਸੀਂ ਚੰਗੀ ਤਰ੍ਹਾਂ ਜਾਨਣਾ ਚਾਹੁੰਦੇ ਹਾਂ ਅਤੇ ਵਿਸ਼ਵਾਸ ਕਰਨਾ ਚਾਹੁੰਦੇ ਹਾਂ ਕਿ ਪਰਮੇਸ਼ਰ

ਕੋਣ ਹੈ। ਅਤੇ ਇਸ ਤੇ ਸ਼ੱਕ ਕੀਤਾ ਜਾ ਸਕਦਾ ਹੈ, ਭਾਵੇਂ ਕਿ ਉਹ ਕਿਸੇ ਅਣਜਾਣ ਦੇਵਤੇ ਦੀ ਆਰਾਧਨਾ ਕਰਦਾ ਹੋਵੇ, ਨਹੀਂ ਤਾਂ ਭਾਵੇ ਉਹ ਸੱਚੇ ਪਰਮੇਸ਼ਰ ਦੀ ਆਰਾਧਨਾ ਕਰਦਾ ਹੋਵੇ, ਕਿ ਜੇਕਰ ਉਹ ਉਸ ਨੂੰ ਨਹੀ ਜਾਣਦਾ ਅਤੇ ਉਸਦੀ ਆਰਾਧਨਾ ਨਹੀ ਕਰਦਾ ਜੋ ਕਿ ਤ੍ਰਿਏਕ ਹੈ। ਜੋ ਕੋਈ ਪਰਮੇਸ਼ਰ ਨੂੰ ਕਿਸੇ ਹੋਰ ਤਰੀਕੇ ਨਾਲ ਪੇਸ਼ ਕਰਦਾ ਹੈ, ਉਹ ਪਰਮੇਸ਼ਰ ਨੂੰ ਨਹੀ ਕਿਸੇ ਮਨੁੱਖੀ ਭੂਤ ਨੂੰ ਜਾਂ ਆਪਣੇ ਦਿਮਾਗ ਦੀ ਕਿਸੇ ਮੂਰਤੀ ਨੂੰ ਪੇਸ਼ ਕਰ ਰਿਹਾ ਹੈ। 9

# 9

# ਸਾਡਾ ਪ੍ਰਤੀਉੱਤਰ ਤ੍ਰਿਏਕਤਾ ਦੀ ਅਨੋਖੀ ਸਿੱਖਿਆ ਦੇ ਪ੍ਰਤੀ ਕੀ ਹੋਣਾ ਚਾਹੀਦਾ ਹੈ?

ਸਭ ਤੋਂ ਪਹਿਲਾਂ ਸਾਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਇੱਕ ਪਰਮੇਸ਼ਰ ਹੈ ਜੋ ਕਿ ਤਿੰਨ ਵਿਅਕਤੀਤਵਾਂ ਦੇ ਵਿੱਚ ਹੈ, ਉਹ ਭਾਵੇਂ ਭਿੰਨ ਹਨ ਪਰ ਉਹ ਅਲੱਗ ਨਹੀ ਹਨ।10 ਏਕਤਾ ਅਤੇ ਤ੍ਰਿਏਕਤਾ ਦੋਵੇਂ ਅਖੀਰ ਹਨ। ਇਹ ਸੱਚਾਈ ਸਿਰਫ ਵਿਸ਼ਵਾਸ ਦੇ ਦੁਆਰਾ ਹੀ ਜਾਣੀ ਜਾ ਸਕਦੀ ਹੈ, ਕਿਉਂਕਿ ਕੋਈ ਵਿਅਕਤੀ ਖੋਜਣ ਦੇ ਦੁਆਰਾ ਪਰਮੇਸ਼ਰ ਨੂੰ ਖੋਜ ਨਹੀ ਸਕਦਾ ਹੈ। ਇਹ ਸਿੱਖਿਆ ਸਾਨੂੰ ਆਰਾਧਨਾ ਦੇ ਵਿੱਚ ਲੈ ਕੇ ਜਾਣ ਵਾਲੀ ਹੋਣੀ ਚਾਹੀਦੀ ਹੈ ਨਾ ਕਿ ਗਲਤ ਖਿਆਲਾਂ ਦੇ ਵੱਲ!

ਦੂਸਰੀ ਗੱਲ, ਜਦ ਅਸੀਂ ਤ੍ਰਿਏਕਤਾ ਦੇ ਪਹਿਲੇ ਦੂਸਰੇ ਅਤੇ ਤੀਸਰੇ ਵਿਅਕਤੀ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਦਰਜਿਆਂ ਦੀ ਗੱਲ ਨਹੀ ਕਰਨੀ ਚਾਹੀਦੀ। ਇਹ ਇੱਕ ਤਰਤੀਬ ਹੈ ਅਤੇ ਕੋਈ ਅਸਥਾਈ ਨਹੀ ਹੈ। ਅਸੀਂ ਪੁੱਤਰ ਨੂੰ ਪਰਮੇਸ਼ਰ ਤੋਂ ਪਹਿਲਾਂ ਨਹੀ ਸੋਚ ਸਕਦੇ ਅਤੇ ਨਾ ਹੀ ਪਵਿੱਤਰ ਆਤਮਾ ਨੂੰ ਪਿਤਾ ਅਤੇ ਪੁੱਤਰ ਤੋਂ ਪਹਿਲਾਂ ਕਿਉਂਕਿ ਪਿਤਾ ਅਤੇ ਪੁੱਤਰ ਤੋਂ ਹੀ ਸਾਡੇ ਕੋਲ ਪਵਿੱਤਰ ਆਤਮਾ ਦਾ ਸਪੱਸ਼ਟ ਵਿਚਾਰ ਪ੍ਰਗਟ ਹੁੰਦਾ ਹੈ। ਪਰਮੇਸ਼ਰਤਾਈ ਦੇ ਵਿੱਚ ਇੱਕ ਤਰਤੀਬ ਹੈ ਕਿਉਂਕਿ ਉਹ ਸਾਮਰਥ ਅਤੇ ਮਹਿਮਾਂ ਦੇ ਵਿੱਚ ਇੱਕੋ ਜਿਹੇ ਹਨ। ਇਸਦਾ ਅਰਥ ਹੈ ਕਿ ਸਾਨੂੰ ਤ੍ਰਿਏਕਤਾ ਦੇ ਹਰ ਵਿਅਕਤੀ ਨੂੰ ਬਰਾਬਰ ਦਾ ਆਦਰ ਅਤੇ ਬਰਾਬਰ ਦੀ ਆਰਾਧਨਾ ਦੇਣੀ ਚਾਹੀਦੀ ਹੈ। ਸਾਨੂੰ ਤ੍ਰਿਏਕਤਾ ਦੀ ਏਕਤਾ ਦੀ ਸਰਾਹਣਾ ਕਰਨੀ ਚਾਹੀਦੀ ਹੈ।

**ਯੂਹੰਨਾਂ ੫:੨੩** "ਤਾਂ ਜੋ ਸਾਰੇ ਪੁੱਤਰ ਦਾ ਆਦਰ ਉਸੇ ਤਰ੍ਹਾਂ ਕਰਨ, ਜਿਸ ਤਰ੍ਹਾਂ ਉਹ ਪਿਤਾ ਦਾ ਕਰਦੇ ਹਨ। ਜੋ ਪੁੱਤਰ ਦਾ ਆਦਰ ਨਹੀਂ ਕਰਦਾ ਹੈ, ਉਹ ਪਿਤਾ ਦਾ ਵੀ ਆਦਰ ਨਹੀਂ ਕਰਦਾ ਹੈ, ਜਿਸ ਨੇ ਪੁੱਤਰ ਨੂੰ ਘਲਿਆ ਹੈ।"

ਤੀਸਰੀ ਗੱਲ, ਸਾਨੂੰ ਤ੍ਰਿਏਕਤਾ ਦੇ ਸਭ ਤਿੰਨਾਂ ਵਿਅਕਤੀਆਂ ਦੀ ਆਗਿਆਕਾਰੀ ਕਰਨੀ ਚਾਹੀਦੀ ਹੈ ਕਿਉਂਕਿ ਉਹ ਪਰਮੇਸ਼ਰ ਹਨ। ਯਿਸੂ ਮਸੀਹ ਖੁਦ ਮਨੁੱਖ ਸਨ, ਜਿੰਨਾਂ ਨੇ ਪਿਤਾ ਪਰਮੇਸ਼ਰ ਦੀ ਆਗਿਆਕਾਰੀ ਕੀਤੀ, ਅਤੇ ਸਾਨੂੰ ਹੋਰ ਕਿੰਨੀ ਜਿਆਦਾ ਕਰਨੀ ਚਾਹੀਦੀ ਹੈ।

**ਯੂਹੰਨਾਂ ੪:੩੪** "ਪਰ ਯਿਸੂ ਨੇ ਉਹਨਾਂ ਨੂੰ ਕਿਹਾ, "ਮੇਰਾ ਭੋਜਨ ਇਹ ਹੈ ਕਿ ਮੈਂ ਆਪਣੇ ਭੇਜਣ ਵਾਲੇ ਦੀ ਇੱਛਾ ਪੂਰੀ ਕਰਾਂ ਅਤੇ ਉਸ ਦੇ ਦਿੱਤੇ ਹੋਏ ਕੰਮ ਨੂੰ ਪੂਰਾ ਕਰਾਂ।"

**ਬਿਵਸਥਾਸਾਰ ੨੭:੧੦** "ਇਸ ਲਈ ਤੁਸੀਂ ਉਸ ਦੀ ਆਵਾਜ਼ ਨੂੰ ਸੁਣੋ ਅਤੇ ਉਸ ਦੇ ਹੁਕਮਾਂ ਅਤੇ ਵਿਧੀਆਂ ਦੀ ਜੋ ਮੈਂ ਤੁਹਾਨੂੰ ਅਜ ਦੇ ਰਿਹਾ ਹਾਂ, ਦੀ ਪੂਰੀ ਤਰ੍ਹਾਂ ਨਾਲ ਪਾਲਨਾ ਕਰੋ।"

ਸਾਨੂੰ ਪਰਮੇਸ਼ਰ ਪੁੱਤਰ ਦੇ ਹੁਕਮ ਮੰਨਣੇ ਚਾਹੀਦੇ ਹਨ ਕਿਉਂਕਿ ਉਹ ਸਾਡਾ ਨਿਆਂ ਕਰੇਗਾ ਅਤੇ ਉਸਦੀਆਂ ਬਿਧੀਆਂ ਦੁਖੀ ਕਰਨ ਵਾਲੀਆਂ ਨਹੀ ਬਲਕਿ ਸਾਡੇ ਫਾਇਦੇ ਲਈ ਹੀ ਹਨ। ਸਵਰਗ ਦੂਤ ਰਾਤ ਅਤੇ ਦਿਨ ਉਸਦੀ ਖੁਸੀ ਨੂੰ ਪੂਰਾ ਕਰਦੇ ਹਨ, ਕੀ ਸਾਨੂੰ ਇਸ ਤਰ੍ਹਾਂ ਨਹੀ ਕਰਨਾ ਚਾਹੀਦਾ, ਜਿੰਨਾਂ ਨੇ ਉਸਦੀ ਮੁਕਤੀ ਦਾ ਅਨੁਭਵ ਕੀਤਾ ਅਤੇ ਅਤੇ ਉਸਨੇ ਆਪਣੀ ਕੀਮਤ ਦੇ ਕੇ ਸਾਨੂੰ ਛੁਡਾਇਆ ਹੈ।

**ਜਬੂਰ ੨:੧੨** "ਪੁੱਤਰ ਨੂੰ ਚੁੰਮੋ! ਨਹੀਂ ਤਾਂ ਉਹ ਕ੍ਰੋਧਿਤ ਹੋ ਸਕਦਾ ਹੈ। ਇਸ ਤਰ੍ਹਾਂ ਤੁਸੀਂ ਨਾਸ਼ ਹੋ ਸਕਦੇ ਹੋ, ਕਿਉਂਕਿ ਉਸਦਾ ਕ੍ਰੋਧ ਛੇਤੀ ਹੀ ਭੜਕ ਉੱਠਦਾ ਹੈ। ਉਹ ਲੋਕ ਖੁਸ਼ ਰਹਿੰਦੇ ਹਨ ਜੋ ਆਪਣਾ ਭਰੋਸਾ ਉਸ ਤੇ ਰੱਖਦੇ ਹਨ।"

**ਪ੍ਰਕਾਸ਼ ਦੀ ਪੋਥੀ ੪:੧੦**,11 "ਉਸੀ ਘੜੀ ਚੌਵੀ ਬੁਜ਼ੁਰਗ ਉਸ ਦੇ ਸਾਹਮਣੇ, ਮੂੰਹ ਭਾਰ ਡਿਗ ਕੇ  ਪਰਨਾਮ ਕਰਦੇ ਹਨ। ਉਹ ਆਪਣੇ ਤਾਜ ਲਾਹ ਕੇ ਸਿੰਘਾਸ਼ਣ ਦੇ ਸਾਹਮਣੇ ਇਹ ਕਹਿ ਕਿ ਰੱਖਦੇ ਹਨ: "ਤੂੰ ਹੈ ਸਾਡਾ ਪ੍ਰਭੂ ਪਰਮੇਸ਼ਰ, ਜੋ ਮਹਿਮਾ, ਆਦਰ ਅਤੇ ਬਲ ਪ੍ਰਾਪਤੀ ਦੇ ਜੋਗ ਹੈ; ਕਿਉਂਕਿ, ਤੂੰ ਸਭ ਚੀਜ਼ਾਂ ਦੀ ਰਚਨਾ ਕੀਤੀ ਹੈ, ਤੇਰੀ ਇਛਾ ਤੋਂ ਹੀ ਉਹਨਾਂ ਨੂੰ ਹੋਂਦ ਮਿਲੀ ਅਤੇ ਉਹ ਰਚੀਆਂ ਗਈਆਂ ਹਨ।"

ਸਾਨੂੰ ਪਵਿੱਤਰ ਆਤਮਾ ਦੀ ਆਗਿਆਂ ਮੰਨਣੀ ਚਾਹੀਦੀ ਹੈ ਕਿਉਂਕਿ ਉਸਦੇ ਸਾਹ ਦੇ ਦੁਆਰਾ ਅਸੀਂ ਰਚੇ ਗਏ ਹਾਂ। ਉਹ ਹੀ ਹੈ ਜੋ ਸਾਨੂੰ ਨਵਾਂ ਜਨਮ ਦਿੰਦਾ ਹੈ ਅਤੇ ਸਾਡੇ ਅੰਦਰ ਵਿਸ਼ਵਾਸ ਪੈਦਾ ਕਰਦਾ ਹੈ ਅਤੇ ਤੋਬਾ ਪੈਦਾ ਕਰਦਾ ਹੈ ਜਿਸਦੇ ਦੁਆਰਾ ਅਸੀਂ ਯਿਸੂ ਮਸੀਹ ਦੇ ਵਿੱਚ ਇੱਕ ਹੋਏ ਹਾਂ। ਉਹ ਹੀ ਹੈ ਜੋ ਕਿ ਸਾਨੂੰ ਪਵਿੱਤਰ ਕਰਦਾ ਹੈ, ਜਦ ਤੱਕ ਅਸੀਂ ਮਹਿਮਾਂ ਤੱਕ ਉਸਦੀ ਸਿੱਧਤਾ ਤੱਕ ਪਹੁੰਚਦੇ ਹਾਂ। ਸਾਨੂੰ ਕਿਹਾ ਗਿਆ ਹੈ ਕਿ ਅਸੀਂ ਪਵਿੱਤਰ ਆਤਮਾ ਨੂੰ ਉਦਾਸ ਨਾ ਕਰੀਏ, ਅਤੇ ਉਸਦੀ ਨਿੰਦਾ ਕਰਨਾ ਇੱਕ ਬਹੁਤ ਵੱਡਾ ਪਾਪ ਹੈ। ਇੱਕ ਵਿਸ਼ਵਾਸੀ ਦੇ ਜੀਵਨ ਦੇ ਵਿੱਚ ਚੰਗਾ ਫਲ ਪਵਿੱਤਰ ਆਤਮਾ ਦਾ ਕੰਮ ਹੈ। ਇੰਨਾਂ ਵਚਨਾਂ ਨੂੰ ਆਪਣੇ ਦਿਲ ਦੇ ਵਿੱਚ ਰੱਖੋ:

**ਜਬੂਰ ੩੩:੬** "ਪ੍ਰਭੂ ਦੇ ਸ਼ਬਦ ਦੁਆਰਾ ਅਕਾਸ਼ਾਂ ਦੀ ਸਿਰਜਨਾ ਹੋਈ, ਅਤੇ ਉਸ ਦੇ ਮੂੰਹ ਦੇ ਬੋਲਾਂ ਦੁਆਰਾ ਸਭ ਚੀਜ਼ਾਂ ਪੈਦਾ ਹੋਈਆਂ।"

**ਅੱਯੂਬ ੩੩:੪** ਪਰਮੇਸ਼ਰ ਦੇ ਆਤਮਾ ਨੇ ਮੈਨੂੰ ਬਣਾਇਆ ਹੈ ਅਤੇ ਉਸ ਨੇ ਮੈਨੂੰ ਜੀਵਣ ਦੀਤਾ ਹੈ।"

**ਯੂਹੰਨਾਂ ੩:੫** "ਯਿਸੂ ਨੇ ਉੱਤਰ ਦਿੱਤਾ "ਨਿਰਸੰਦੇਹ ਮੈਂ ਤੈਨੂੰ ਕਹਿੰਦਾ ਹਾਂ ਕਿ ਜਦੋਂ ਤਕ ਕੋਈ ਆਦਮੀ ਪਾਣੀ ਅਤੇ ਪਵਿੱਤਰ ਆਤਮਾ ਦੁਆਰਾ ਜਨਮ ਨਾ ਲਵੇ, ਉਹ ਪਰਮੇਸ਼ਰ ਦੇ ਰਾਜ ਵਿਚ ਪ੍ਰਵੇਸ਼ ਨਹੀਂ ਕਰ ਸਕਦ।"

**੨ ਥੱਸਲੁਨੀਕੀਆਂ ੨:੧੩** "ਭਰਾਵੋ, ਸਾਡਾ ਤੁਹਾਡੇ ਲਈ ਜਿਨ੍ਹਾਂ ਨੂੰ ਪ੍ਰਭੂ ਪਿਆਰ ਕਰਦਾ ਹੈ, ਪਰਮੇਸ਼ਰ ਦਾ ਧੰਨਵਾਦ ਕਰਨਾ ਕਰਤੱਵ ਬਣਦਾ ਹੈ। ਕਿਉਂਕਿ ਆਰੰਭ ਤੋਂ ਹੀ ਪਰਮੇਸ਼ਰ ਨੇ ਤੁਹਾਨੂੰ ਮੁਕਤੀ ਪ੍ਰਾਪਤੀ ਲਈ ਚੁਣਿਆ। ਉਸ ਨੇ ਤੁਹਾਨੂੰ ਪਵਿੱਤਰ ਆਤਮਾ ਦੇ ਰਾਹੀਂ ਅਭਿਸ਼ੇਕਤ ਕੀਤਾ ਹੈ ਅਤੇ ਸਤ ਤੇ ਵਿਸ਼ਵਾਸ ਕਰਨ ਦੀ ਵੀ ਪਰੇਰਨਾ ਦਿੱਤੀ ਹੈ।"

**ਮਤੀ ੧੨:੩੧,੩੨** "ਇਸ ਲਈ ਯਾਦ ਰੱਖੋ, ਮਨੁੱਖ ਦੇ ਸਾਰੇ ਪਾਪ ਅਤੇ ਨਿੰਦਾ ਦੀਆਂ ਗੱਲਾਂ ਜਿਹੜੀਆਂ ਉਸਦੇ ਮੂੰਹ ਵਿਚੋਂ ਨਿਕਲਦੀਆਂ ਹਨ, ਮਾਫ਼ ਹੋ ਸਕਦੀਆਂ ਹਨ, ਪਰ ਜੋ ਕੋਈ ਪਵਿੱਤਰ ਆਤਮਾ ਦੀ ਨਿੰਦਾ ਕਰਦਾ ਹੈ, ਉਸ ਨੂੰ ਪਰਮੇਸ਼ਰ ਕਦੀ ਵੀ ਮਾਫ਼ ਨਹੀਂ ਕਰੇਗਾ। ਇਸੇ ਤਰ੍ਹਾਂ ਜੋ ਕੋਈ ਮਨੁੱਖ ਦੇ ਪੁੱਤਰ ਦੇ ਵਿਰੁੱਧ ਕਹਿੰਦਾ ਹੈ, ਉਸ ਨੂੰ ਮਾਫ਼ ਕੀਤਾ ਜਾਵੇਗਾ, ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਕੁਝ ਕਹਿੰਦਾ ਹੈ ਉਸ ਨੂੰ ਨਾ ਤੋ ਇਸ ਜੁਗ ਵਿਚ ਅਤੇ ਨਾ ਹੀ ਆਉਣ ਵਾਲੇ ਜੁਗ ਵਿਚ ਮਾਫ਼ ਕੀਤਾ ਜਾਵੇਗਾ।"

ਆਉ ਅਸੀਂ ਤ੍ਰਿਏਕ ਪਰਮੇਸ਼ਰ ਦੀ ਆਰਾਧਨਾ ਹੁਣ ਤੋਂ ਲੈ ਕੇ ਸਦਾ ਤੱਕ ਕਰੀਏ। ਆਮੀਨ!

**Footnotes**

1 John Whitecross, The Shorter Catechism Illustrated (London: The Banner of Truth Trust, 1968), 15 illustration 2.

2 Donald Macleod, Behold Your God (Geanies, Fearn, Ross-shire: Christian Focus Publications, 1995 revised and expanded version), quote appears on the cover.

3 John Dick, Lectures on Theology (Stoke-on-Trent: Tentmaker Publications, 2006 reprint), 44.

4 "Trinity" in the International Standard Bible Encyclopedia, vol. 5, p. 3014b.

5 C.S. Lewis, Mere Christianity (New York: MacMilllian Publishing Company, 1952), 122.

6 Lewis, Mere Christianity, 40-41

7 Macleod, Behold Your God, see pages 193-198.

8 John Calvin, Institutes, 1.13.2, emphasis supplied.

9 Herman Witsius, The Economy of the Covenants Between God and Man, translated by William Crookshank (Reprint: den Dulk Foundation, 1990; distributed by the Presbyterian and Reformed), I:52.

10 Thomas Watson, A Body of Divinty (London: The Banner of Truth Trust, 1970), 112-113.

**Dr. Kuldip Singh Gangar** received his undergraduate education in England and taught Religious Studies at Beauchamp College. He received advanced degrees in ministry from Westminster Theological Seminary (M. Div.; Th. M; D. Min.) and Master of Theology in New Testament from Princeton Seminary. He served as pastor in Canada and the US for 21 years before being called as Missionary to produce Biblical literature for EastIndians in various Indian languages.

**In this series from True Path to God:**

1. What is God?
2. What is God Like?
3. Creation and Man's Place in the World
4. The Greatest Opportunity: The Covenant of Works
5. The Great Catastrophe: The Fall
6. Jesus the Only Savior of Mankind
7. Jesus is God
8. Saved by Grace Alone

ISBN 978-0-9919134-8-0

9 780991 913480 >

www.truepathtogod.org